ਜੈ ਗੁਰੂਦੇਵ ! ਧੰਨ ਗੁਰੂਦੇਵ !

T-29

# 100 ਸਵਾਲ

## ਇਨਕਲਾਬੀ ਵਿਚਾਰਧਾਰਾ ਦੇ ਸਿਰਜਕ

## (ਪ੍ਰਸ਼ਨੋਤਰੀ)

ਭਗਵਾਨ ਵਾਲਮੀਕਿ, ਸਤਿਗੁਰੂ ਨਾਮਦੇਵ, ਸਤਿਗੁਰੂ ਰਵਿਦਾਸ, ਸਤਿਗੁਰੂ ਕਬੀਰ, ਸਤਿਗੁਰੂ ਤ੍ਰਿਲੋਚਨ, ਸਤਿਗੁਰੂ ਸਧਨਾ, ਸਤਿਗੁਰੂ ਸੈਨ, ਸਤਿਗੁਰੂ ਧੰਨਾ, ਸਤਿਗੁਰੂ ਨਾਨਕ ਦੇਵ, ਸੰਤ ਮੀਰਾ ਬਾਈ, ਸ਼ਹੀਦ ਬਾਬਾ ਜੀਵਨ ਸਿੰਘ, ਸ਼ਹੀਦ ਬਾਬਾ ਸੰਗਤ ਸਿੰਘ, ਸ਼ਹੀਦ ਬਾਬਾ ਜੈ ਸਿੰਘ ਖੱਲਕਟ, ਰਾਸ਼ਟਰ ਪਿਤਾ ਜੋਤੀਬਾ ਰਾਓ ਫੂਲੇ, ਡਾ. ਭੀਮ ਰਾਓ ਅੰਬੇਡਕਰ ਅਤੇ ਬਾਬੂ ਮੰਗੂਰਾਮ ਮੁਗੋਵਾਲ ਜੀ।


For Whats Apps Contact : 78141-42944

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)

ਮੋਬਾਇਲ - 98148-39944 (ਰਜਿ. ਨੰ. 179-2006-07)

ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ

ਟ੍ਰੈਕਟ ਨੰ. 29/ ਪਹਿਲੀ ਵਾਰ 2000/ ਅਗਸਤ 2016 / ਕੀਮਤ : ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

# ਸਿਲੇਬਸ ਸਬੰਧੀ ਜਾਣਕਾਰੀ

**ਗਰੁੱਪ ਏ** - ਗਰੁੱਪ ਏ ਵਿਚ ਜਿਹੜਾ ਬੱਚਾ ਪੰਜਾਬੀ ਪੜ੍ਹਨੀ ਅਤੇ ਲਿਖਣੀ ਜਾਣਦਾ ਹੈ ਜਾਂ ਪੰਜਵੀਂ ਕਲਾਸ ਦਾ ਵਿਦਿਆਰਥੀ ਹੈ ਤੋਂ ਲੈ ਕੇ ਅੱਠਵੀਂ ਕਲਾਸ ਦੇ ਵਿਦਿਆਰਥੀ ਸ਼ਾਮਲ ਕੀਤੇ ਜਾਣਗੇ। ਕਿਤਾਬਚੇ ਵਿਚ ਜਿਨ੍ਹਾਂ ਪ੍ਰਸ਼ਨਾਂ 'ਤੇ ਏ ਲਿਖਿਆ ਹੈ ਇਹ ਗਰੁੱਪ ਏ ਦੇ ਪ੍ਰਸ਼ਨ ਹਨ ਅਤੇ ਪੇਪਰ ਵੀ ਇਨ੍ਹਾਂ ਪ੍ਰਸ਼ਨਾਂ ਅਤੇ ਗੁਰਬਾਣੀ ਦੇ ਸ਼ਬਦਾਂ ਵਿਚ ਆਵੇਗਾ। ਕੁਲ 25 ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਦੇ 50 ਅੰਕ ਹੋਣਗੇ। 40% ਪ੍ਰਾਪਤ ਅੰਕਾਂ ਵਾਲਾ ਵਿਦਿਆਰਥੀ ਪਾਸ ਮੰਨਿਆ ਜਾਵੇਗਾ। ਗਰੁੱਪ ਏ ਲਈ ਗੁਰਬਾਣੀ ਦੇ ਹੇਠ ਲਿਖੇ ਸ਼ਬਦ ਹਨ -

1. ਦੂਧੁ ਤ ਬਛਰੈ... ਸ਼ਬਦ ਨੰ. 13
2. ਹਮ ਸਰਿ ਦੀਨੁ... ਸ਼ਬਦ ਨੰ. 21
3. ਨਾਮੁ ਤੇਰੋ ਆਰਤੀ ਸ਼ਬਦ ਨੰ. 23
4. ਹਰਿ ਸੋ ਹੀਰਾ ਛਾਡਿ ਕੈ... ਸਲੋਕ

**ਗਰੁੱਪ ਬੀ** - ਗਰੁੱਪ ਬੀ 9ਵੀਂ ਕਲਾਸ ਤੋਂ 12ਵੀਂ ਕਲਾਸ ਦੇ ਵਿਦਿਆਰਥੀ ਜਾਂ 10 ਤੋਂ 18 ਸਾਲ ਉਮਰ ਦੇ ਬੱਚੇ ਸ਼ਾਮਲ ਕੀਤੇ ਜਾਣਗੇ। ਇਸ ਗਰੁੱਪ ਲਈ ਕਿਤਾਬਚੇ ਵਿਚ ਦਿੱਤੇ ਸਾਰੇ ਪ੍ਰਸ਼ਨ ਯਾਦ ਕਰਨੇ ਹੋਣਗੇ। ਪੇਪਰ ਵੀ ਇਨ੍ਹਾਂ ਸਾਰੇ ਪ੍ਰਸ਼ਨਾਂ, ਇਸ ਗਰੁੱਪ ਦੇ ਗੁਰਬਾਣੀ ਦੇ ਸ਼ਬਦਾਂ ਅਤੇ ਕਲਾਸਾਂ ਦੌਰਾਨ ਦਿੱਤੀ ਗਈ ਜਾਣਕਾਰੀ ਵਿਚੋਂ ਆਵੇਗਾ। ਇਸ ਗਰੁੱਪ ਨੂੰ 50 ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਦੇ 100 ਅੰਕ ਹੋਣਗੇ। 40% ਪ੍ਰਾਪਤ ਅੰਕਾਂ ਵਾਲਾ ਵਿਦਿਆਰਥੀ ਪਾਸ ਮੰਨਿਆ ਜਾਵੇਗਾ। ਇਸ ਗਰੁੱਪ ਲਈ ਗੁਰਬਾਣੀ ਦੇ ਸ਼ਬਦ ਹੇਠ ਲਿਖੇ ਅਨੁਸਾਰ ਹੋਣਗੇ :

1. ਸਤਿਜੁਗਿ ਸਤੁ ਤੇਤਾ ਜਗੀ... ਸ਼ਬਦ ਨੰ. 6
2. ਦੂਧੁ ਤ ਬਛਰੈ... ਸ਼ਬਦ ਨੰ. 13
3. ਹਮ ਸਰਿ ਦੀਨ... ਸ਼ਬਦ ਨੰ. 21
4. ਨਾਮੁ ਤੇਰੋ ਆਰਤੀ... ਸ਼ਬਦ ਨੰ. 23
5. ਹਰਿ ਜਪਤ ਤੇਊ ਜਨਾ... ਸ਼ਬਦ ਨੰ. 39
6. ਹਰਿ ਸੋ ਹੀਰਾ ਛਾਡਿ ਕੈ... ਸਲੋਕ

ਪ੍ਰਸ਼ਨ 1A- ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਕਦੋਂ ਹੋਇਆ? ਬਿਕ੍ਰਮੀ ਅਤੇ ਈਸਵੀ ਸੰਨ ਦੱਸੋ।

ਉੱਤਰ- ਮਾਘ ਦੀ ਪੂਰਨਮਾਸ਼ੀ ਸੰਮਤ 1433 ਬਿਕ੍ਰਮੀ ਭਾਵ ਜਨਵਰੀ ਸੰਨ 1377 ਈ. ਨੂੰ।

ਪ੍ਰਸ਼ਨ 2A- ਗੁਰੂ ਰਵਿਦਾਸ ਜੀ ਦਾ ਜਨਮ ਕਿੱਥੇ ਹੋਇਆ?

ਉੱਤਰ- ਸੀਰ ਗੋਵਰਧਨਪੁਰ, ਵਾਰਾਣਸੀ (ਕਾਂਸ਼ੀ) ਉੱਤਰ ਪ੍ਰਦੇਸ਼।

ਪ੍ਰਸ਼ਨ 3A- ਗੁਰੂ ਰਵਿਦਾਸ ਜੀ ਦੇ ਮਾਤਾ ਅਤੇ ਪਿਤਾ ਜੀ ਦਾ ਨਾਂਅ ਕੀ ਹੈ?

ਉੱਤਰ- ਪਿਤਾ ਸ੍ਰੀ ਸੰਤੋਖ ਦਾਸ ਜੀ ਅਤੇ ਮਾਤਾ ਸ੍ਰੀਮਤੀ ਕਲਸਾਂ ਦੇਵੀ ਜੀ।

ਪ੍ਰਸ਼ਨ 4A- ਗੁਰੂ ਰਵਿਦਾਸ ਜੀ ਦੀ ਪਤਨੀ ਅਤੇ ਸਪੁੱਤਰ ਦੇ ਨਾਂਅ ਦੱਸੋ।

ਉੱਤਰ- ਪਤਨੀ ਦਾ ਨਾਂਅ – ਸ੍ਰੀਮਤੀ ਲੋਨਾ ਜੀ। ਇਕ ਸਪੁੱਤਰ ਜਿਸ ਦਾ ਨਾਂਅ ਸ੍ਰੀ ਵਿਜੇ ਦਾਸ ਜੀ ਹੈ।

ਪ੍ਰਸ਼ਨ 5A- ਗੁਰੂ ਰਵਿਦਾਸ ਜੀ ਦੀ ਕਿੰਨੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ?

ਉੱਤਰ- 40 ਸ਼ਬਦ ਅਤੇ 01 ਸਲੋਕ 16 ਰਾਗਾਂ ਵਿਚ।

ਪ੍ਰਸ਼ਨ 6A- ਅੰਮ੍ਰਿਤ ਬਾਣੀ ਗ੍ਰੰਥ ਦਾ ਪੂਰਾਂ ਨਾਂਅ ਕੀ ਹੈ ਅਤੇ ਇਸ ਵਿਚ ਕਿਸ ਰਹਿਬਰ ਦੀ ਬਾਣੀ ਦਰਜ ਹੈ?

ਉੱਤਰ- ਇਸ ਪਾਵਨ ਗ੍ਰੰਥ ਦਾ ਪੂਰਾ ਨਾਂਅ "ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ" ਹੈ ਅਤੇ ਇਸ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦਰਜ ਹੈ।

ਪ੍ਰਸ਼ਨ 7B- "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ" ਗ੍ਰੰਥ ਵਿਚ ਕਿਹੜੀ-ਕਿਹੜੀ ਬਾਣੀ ਦਰਜ ਹੈ?

ਉੱਤਰ- ਇਸ ਵਿਚ ਗੁਰੂ ਰਵਿਦਾਸ ਜੀ ਦੇ 140 ਸ਼ਬਦ, 40 ਪਦੇ, ਪੈਂਤੀ ਅੱਖਰੀ, ਬਾਣੀ ਹਫਤਾਵਾਰ, ਪੰਦਰਾ ਤਿਥੀ, ਬਾਰਾਮਾਸ ਉਪਦੇਸ਼, ਸ਼ਾਦ ਬਾਣੀ, ਅਨਮੋਲ ਬਚਨ, ਸ਼ਾਦੀ ਉਪਦੇਸ਼, ਸੁਹਾਗ ਉਸਤਤ, ਮੰਗਲਚਾਰ ਅਤੇ 230 ਸ਼ਲੋਕ ਦਰਜ ਹਨ।

ਪ੍ਰਸ਼ਨ 8A- ਗੁਰੂ ਰਵਿਦਾਸ ਜੀ ਦੇ ਸਮਕਾਲੀ ਰਹਿਬਰਾਂ ਦੇ ਨਾਂਅ ਦੱਸੋ।

ਉੱਤਰ- ਗੁਰੂ ਕਬੀਰ ਜੀ, ਗੁਰੂ ਨਾਨਕ ਦੇਵ ਜੀ, ਗੁਰੂ ਸੈਣ ਜੀ, ਗੁਰੂ ਧੰਨਾ ਜੀ, ਗੁਰੂ ਭੀਖਨ ਜੀ, ਗੁਰੂ ਬੇਣੀ ਜੀ, ਗੁਰੂ ਤ੍ਰਿਲੋਚਨ ਜੀ।

ਪ੍ਰਸ਼ਨ 9B- ਗੁਰੂ ਰਵਿਦਾਸ ਜੀ ਦੀ ਗੁਰੂ ਨਾਨਕ ਦੇਵ ਜੀ ਨਾਲ ਕਿੱਥੇ-ਕਿੱਥੇ ਭੇਂਟ ਵਾਰਤਾ ਹੋਈ?

ਉੱਤਰ- 1. ਚੂਹੜਕਾਣਾ (ਪਾਕਿਸਤਾਨ) ਵਿਖੇ ਸੱਚਾ ਸੌਦਾ ਕਰਦੇ ਸਮੇਂ।

2. ਸੁਲਤਾਨਪੁਰ ਲੋਧੀ ਵੇਈਂ ਨਦੀ ਵਿਚ ਇਸ਼ਨਾਨ ਸਮੇਂ ਜਿਥੇ ਅੱਜਕਲ੍ਹ ਗੁਰਦੁਆਰਾ ਸੰਤ ਘਾਟ ਸੁਸ਼ੋਭਿਤ ਹੈ।

3. ਬਨਾਰਸ ਵਿਖੇ ਗੋਪਾਲਦਾਸ ਦੀ ਸਰਾਂ ਵਿਖੇ ਜਿੱਥੇ ਅੱਜਕਲ੍ਹ ਗੁਰਦੁਆਰਾ ਗੁਰੂ ਕਾ ਬਾਗ਼ ਸੁਸ਼ੋਭਿਤ ਹੈ।

ਪ੍ਰਸ਼ਨ 10A- ਗੁਰੂ ਨਾਨਕ ਦੇਵ ਜੀ ਦੀ ਗੁਰੂ ਰਵਿਦਾਸ ਜੀ ਨਾਲ ਪਹਿਲੀ ਮਿਲਣੀ ਸਮੇਂ ਦੋਹਾਂ ਰਹਿਬਰਾਂ ਦੀ ਕਿੰਨੀ-ਕਿੰਨੀ ਉਮਰ ਸੀ?

ਉੱਤਰ- ਗੁਰੂ ਰਵਿਦਾਸ ਜੀ 104 ਸਾਲ ਅਤੇ ਗੁਰੂ ਨਾਨਕ ਦੇਵ ਜੀ 12 ਸਾਲ।

ਪ੍ਰਸ਼ਨ 11B- ਗੁਰੂ ਰਵਿਦਾਸ ਜੀ ਦੇ ਉਸ ਸਮੇਂ ਦੇ ਪ੍ਰਸਿੱਧ ਸੇਵਕਾਂ ਦੇ ਨਾਮ ਦੱਸੋ।

ਉੱਤਰ- ਰਾਜਾ ਪੀਪਾ, ਸੰਤ ਮੀਰਾ ਬਾਈ ਜੀ, ਰਾਣਾ ਸਾਂਗਾ, ਰਾਣਾ ਭੋਜ ਰਾਜ, ਰਾਣੀ ਝਾਲੀ, ਰਾਜਾ ਚੰਦਰ ਹੰਸ, ਰਾਜਾ ਚੰਦਰ ਪ੍ਰਤਾਪ, ਸਿਕੰਦਰ ਲੋਧੀ, ਬਹਾਦਰ ਸ਼ਾਹ, ਨਾਗਰ ਮੱਲ।

ਪ੍ਰਸ਼ਨ 12A- ਸੱਚ ਦੇ ਪ੍ਰਸਾਰ ਲਈ ਗੁਰੂ ਰਵਿਦਾਸ ਜੀ ਨੂੰ ਕਿੰਨੀ ਵਾਰ ਜੇਲ੍ਹ ਜਾਣਾ ਪਿਆ?

ਉੱਤਰ- ਦੋ ਵਾਰ ਸਿਕੰਦਰ ਲੋਧੀ ਦੀ ਜੇਲ੍ਹ ਦਿੱਲੀ ਵਿਖੇ ਅਤੇ ਰਾਜਾ ਬੈਨ ਸਿੰਘ ਦੀ ਜੇਲ੍ਹ ਖੁਰਾਲਗੜ੍ਹ ਸਾਹਿਬ ਵਿਖੇ।

ਪ੍ਰਸ਼ਨ 13A- ਗੁਰੂ ਰਵਿਦਾਸ ਜੀ ਦੇ ਕਿਸ ਸੇਵਕ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ?

ਉੱਤਰ- ਰਾਜਾ ਪੀਪਾ ਜੀ ਦੀ ਬਾਣੀ।

ਪ੍ਰਸ਼ਨ 14B- ਪੰਜਾਬ ਵਿਚ ਗੁਰੂ ਰਵਿਦਾਸ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨ ਕਿੱਥੇ-ਕਿੱਥੇ ਹਨ।

ਉੱਤਰ- ਖੁਰਾਲਗੜ੍ਹ ਸਾਹਿਬ ਨੇੜੇ ਗੜ੍ਹਸ਼ੰਕਰ (ਹੁਸ਼ਿਆਰਪੁਰ), ਚੱਕ ਹਕੀਮ ਫਗਵਾੜਾ (ਕਪੂਰਥਲਾ), ਟਾਂਗਰਾ (ਸ੍ਰੀ ਅੰਮ੍ਰਿਤਸਰ)।

ਪ੍ਰਸ਼ਨ 15A- ਉੱਤਰ ਪ੍ਰਦੇਸ਼ ਪ੍ਰਾਂਤ ਦੇ ਵਾਰਾਣਸੀ ਵਿਖੇ ਗੁਰੂ ਰਵਿਦਾਸ ਜੀ ਦੇ ਇਤਿਹਾਸਕ ਅਸਥਾਨ ਕਿੱਥੇ-ਕਿੱਥੇ ਸੁਸ਼ੋਭਿਤ ਹਨ?

ਉੱਤਰ-

1. ਸੀਰਗੋਵਰਧਨਪੁਰ ਵਾਰਾਣਸੀ ਕਾਂਸ਼ੀ।
2. ਮੰਡੂਆ ਡੀਹ ਵਾਰਾਣਸੀ।
3. ਲੋਹਟਾ ਵੀਰ ਨੇੜੇ ਸੀਰਗੋਵਰਧਨਪੁਰ ਵਾਰਾਣਸੀ।
4. ਗੰਗਾ ਨਦੀ ਕਿਨਾਰੇ ਸ੍ਰੀ ਗੁਰੂ ਰਵਿਦਾਸ ਘਾਟ ਤੇ ਗੁਰੂ ਰਵਿਦਾਸ ਮੰਦਿਰ।

ਪ੍ਰਸ਼ਨ 16B- ਦੱਖਣੀ ਭਾਰਤ ਵਿਚ ਸਤਿਗੁਰੂ ਰਵਿਦਾਸ ਜੀ ਦੇ ਕਿਹੜੇ-ਕਿਹੜੇ

ਇਤਿਹਾਸਕ ਅਸਥਾਨ ਹਨ?

ਉੱਤਰ- ਦੱਖਣੀ ਭਾਰਤ ਵਿਚ ਬਾਲਾ ਜੀ ਪਹਾੜੀ ਦੀ ਉਤਰਾਈ ਤੇ ਤ੍ਰਿਪਤੀ ਮੰਦਰ ਕੋਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਇਕ ਸਮਾਰਕ ਬਣਿਆ ਹੋਇਆ ਹੈ। ਬਾਲਾ ਜੀ ਪਹਾੜੀ ਦੇ ਹੇਠਾਂ "ਬੈਕੁੰਠ ਕੀਲ" ਨਾਂਅ ਦੀ ਸ੍ਰੀ ਗੁਰੂ ਰਵਿਦਾਸ ਗੱਦੀ ਵੀ ਹੈ।

**ਪ੍ਰਸ਼ਨ 17B- ਭਾਰਤ ਵਿਚ ਕਿੱਥੇ-ਕਿੱਥੇ ਇਤਿਹਾਸਕ ਸ੍ਰੀ ਗੁਰੂ ਰਵਿਦਾਸ ਕੁੰਡ (ਤਲਾਅ) ਸਥਾਪਿਤ ਹਨ?**

ਉੱਤਰ- ਹੈਦਰਾਬਾਦ ਵਿਚ ਐਲੋਰਾ ਵਿਖੇ ਇਕ 'ਗੁਰੂ ਰਵਿਦਾਸ ਕੁੰਡ' ਭਾਵ ਤਲਾਅ ਬਣਿਆ ਹੈ। ਪਿੰਡ ਮਾਂਡੋਗੜ੍ਹ, ਰਾਜਸਥਾਨ ਵਿਚ 'ਗੁਰੂ ਰਵਿਦਾਸ ਕੁੰਡ' ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਕੁਟੀਆ ਕਾਠੀਆਵਾੜ ਦੇ ਜੂਨਾਗੜ੍ਹ (ਜੋ ਕਿ ਗੁਜਰਾਤ ਵਿਚ ਹੈ) ਤੋਂ ਚੀਵੜ ਸਟੇਸ਼ਨ ਦੇ ਕੋਲ 'ਗੁਰੂ ਰਵਿਦਾਸ ਕੁੰਡ' ਹੈ।

**ਪ੍ਰਸ਼ਨ 18B- ਰਾਜਸਥਾਨ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨਾਲ ਸੰਬੰਧਿਤ ਇਤਿਹਾਸਕ ਅਸਥਾਨਾਂ ਬਾਰੇ ਦੱਸੋ?**

ਉੱਤਰ- ਰਾਜਸਥਾਨ ਦੇ ਚਿਤੌੜਗੜ੍ਹ ਵਿਚ ਕੁਭਨਸਯਾਸ ਦੇ ਮੰਦਿਰ ਕੋਲ 'ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਛਤਰੀ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨ ਚਿੰਨ੍ਹ ਬਣੇ ਹੋਏ ਹਨ। ਸਤਿਗੁਰੂ ਜੀ ਦੀ ਸੇਵਿਕਾ ਮੀਰਾ ਜੀ ਨੇ ਇਹ ਮੰਦਿਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ 'ਤੇ ਬਣਵਾਇਆ ਸੀ ਅਤੇ ਮਾਂਡੋਗੜ੍ਹ ਵਿਖੇ "ਗੁਰੂ ਰਵਿਦਾਸ ਕੁੰਡ" ਸਥਾਪਿਤ ਹੈ।

**ਪ੍ਰਸ਼ਨ 19A- ਲੋਹਟਾਵੀਰ ਸਥਾਨ ਦਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਨਾਲ ਕੀ ਸੰਬੰਧ ਹੈ?**

ਉੱਤਰ- ਲੋਹਟਾਵੀਰ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਸੀਰ ਗੋਵਰਧਨਪੁਰ, ਕਾਂਸ਼ੀ, ਵਾਰਾਣਸੀ ਤੋਂ ਗੰਗਾ ਨਦੀ ਵੱਲ ਜਾਂਦੇ ਮਾਰਗ 'ਤੇ ਥੜ੍ਹਾ ਅਤੇ ਕੁਟੀਆ ਹੈ। ਪੰਡਿਤਾਂ ਨੇ ਇਸ ਸਥਾਨ 'ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਮਾਰਨ ਦਾ ਯਤਨ ਕੀਤਾ ਸੀ ਪਰ ਅਸਫਲ ਰਹੇ ਅਤੇ ਆਪਣੇ ਆਗੂ ਕੇਦਾਰਨਾਥ ਨੂੰ ਭੁਲੇਖੇ ਵਿਚ ਮਾਰ ਬੈਠੇ ਸਨ ਪ੍ਰੰਤੂ ਹੁਣ ਇਸ ਨੂੰ ਸ਼ਿਵ ਮੰਦਿਰ ਦੇ ਨਾਮ ਵਿਚ ਤਬਦੀਲ ਕਰ ਦਿੱਤਾ ਹੈ।

**ਪ੍ਰਸ਼ਨ 20B- ਸਤਿਗੁਰੂ ਰਵਿਦਾਸ ਮਹਾਰਾਜ ਜੀ ਦੁਆਰਾ ਵਰਤੇ ਗਏ ਔਜ਼ਾਰ ਕਿੱਥੇ**

ਸੁਸ਼ੋਭਿਤ ਹਨ?

ਉੱਤਰ- ਵਾਰਾਣਸੀ ਵਿਚ ਗੋਪਾਲ ਮੰਦਰ ਜੋ ਤੁਲਸੀ ਗੁਫਾ ਦੇ ਨਾਮ ਨਾਲ ਪ੍ਰਸਿੱਧ ਹੈ ਇਸ ਵਿਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਯੋਗ ਕੀਤੇ ਹੋਏ ਔਜ਼ਾਰ ਰੰਬੀ, ਆਰ ਆਦਿ ਸੁਸ਼ੋਭਿਤ ਹਨ। ਪਰ ਅਫਸੋਸ ਦੀ ਗੱਲ ਹੈ ਕਿ ਇਹ ਗੁਫਾ ਆਮ ਕਰਕੇ ਬੰਦ ਰਹਿੰਦੀ ਹੈ।

**ਪ੍ਰਸ਼ਨ 21B- "ਹਰਿ ਕੀ ਪੌੜੀ" ਹਰਿਦੁਆਰ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕਿਹੜੀ ਯਾਦਗਾਰ ਹੈ?**

ਉੱਤਰ- ਹਰਿਦੁਆਰ "ਹਰਿ ਕੀ ਪੌੜੀ" ਦੇ ਨੇੜੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮੂਰਤੀ ਸਥਾਪਿਤ ਹੈ।

**ਪ੍ਰਸ਼ਨ 22B- ਹਰਿਆਣਾ ਵਿਖੇ ਕਿਹੜਾ ਯਾਦਗਾਰ ਅਸਥਾਨ ਹੈ?**

ਉੱਤਰ- ਹਰਿਆਣਾ ਦੇ ਜ਼ਿਲ੍ਹਾ ਯਮੁਨਾਨਗਰ ਵਿਚ ਕਪਾਲ ਮੋਚਨ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਮੰਦਿਰ ਹੈ।

**ਪ੍ਰਸ਼ਨ 23A- ਗੁਰੂ ਜੀ ਖੁਰਾਲਗੜ੍ਹ ਸਾਹਿਬ ਕਦੋਂ ਆਏ ਅਤੇ ਉਥੇ ਕਿੰਨਾ ਚਿਰ ਰਹੇ?**

ਉੱਤਰ- 1515 ਈ. ਨੂੰ ਆਏ ਅਤੇ 4 ਸਾਲ 2 ਮਹੀਨੇ 11 ਦਿਨ ਨਿਵਾਸ ਕੀਤਾ।

**ਪ੍ਰਸ਼ਨ 24A- ਗੁਰੂ ਜੀ ਚੱਕ ਹਕੀਮ ਫਗਵਾੜੇ ਕਦੋਂ ਆਏ ਅਤੇ ਕਿੰਨਾ ਚਿਰ ਰਹੇ?**

ਉੱਤਰ- 1488 ਈ. ਅਤੇ 70 ਦਿਨ ਨਿਵਾਸ ਕੀਤਾ।

**ਪ੍ਰਸ਼ਨ 25A- ਖੁਦਾਈ ਦੌਰਾਨ ਗੁਰੂ ਰਵਿਦਾਸ ਖੂਹੀ ਕਿੱਥੇ ਪ੍ਰਾਪਤ ਹੋਈ?**

ਉੱਤਰ- ਦੇਹਰਾ ਸ੍ਰੀ ਗੁਰੂ ਰਵਿਦਾਸ ਜੀ ਚੱਕ ਹਕੀਮ ਫਗਵਾੜਾ ਵਿਖੇ।

**ਪ੍ਰਸ਼ਨ 26A- ਜਲੰਧਰ ਤੋਂ ਵਾਰਾਣਸੀ ਕਿੰਨੀ ਦੂਰ ਹੈ ਅਤੇ ਵਾਰਾਣਸੀ ਰੇਲਵੇ ਸਟੇਸ਼ਨ ਤੋਂ ਸੀਰ ਗੋਵਰਧਨਪੁਰ ਕਿੰਨੀ ਦੂਰ ਹੈ?**

ਉੱਤਰ- ਜਲੰਧਰ ਤੋਂ ਵਾਰਾਣਸੀ 1170 ਕਿਲੋਮੀਟਰ ਅਤੇ ਰੇਲਵੇ ਸਟੇਸ਼ਨ ਵਾਰਾਣਸੀ ਤੋਂ ਸੀਰਗੋਵਰਧਨਪੁਰ 10 ਕਿਲੋਮੀਟਰ ਦੂਰ ਹੈ।

**ਪ੍ਰਸ਼ਨ 27A- ਗੁਰੂ ਰਵਿਦਾਸ ਜੀ ਜੋਤੀ ਜੋਤ ਕਦੋਂ ਸਮਾਏ ਅਤੇ ਉਸ ਵਕਤ ਉਨ੍ਹਾਂ ਦੀ ਉਮਰ ਕਿੰਨੀ ਸੀ?**

ਉੱਤਰ- ਸੰਮਤ 1584 ਬਿਕ੍ਰਮੀ ਭਾਵ ਸੰਨ 1528 ਈ. ਉਮਰ 151 ਸਾਲ।

**ਪ੍ਰਸ਼ਨ 28A- ਗੁਰੂ ਰਵਿਦਾਸ ਜੀ ਦੇ ਗੁਰੂ ਕੌਣ ਸਨ ਅਤੇ ਉਨ੍ਹਾਂ ਦਾ ਇਸ਼ਟ ਕੀ ਸੀ?**

ਉੱਤਰ- ਗੁਰੂ ਰਵਿਦਾਸ ਜੀ ਦੇ ਗੁਰੂ ਪਾਰਬ੍ਰਹਮ ਪ੍ਰਮਾਤਮਾ ਸਨ। ਉਨ੍ਹਾਂ ਦਾ ਇਸ਼ਟ ਵੀ ਪ੍ਰਮਾਤਮਾ ਹੀ ਸੀ। ਕੋਈ ਵੀ ਦੇਹਧਾਰੀ ਰਹਿਬਰ, ਭਗਵਾਨ, ਦੇਵਤਾ, ਠਾਕਰ ਜਾਂ ਮੂਰਤੀ ਗੁਰੂ ਰਵਿਦਾਸ ਜੀ ਦੇ ਗੁਰੂ

ਜਾਂ ਇਸ਼ਟ ਨਹੀਂ ਸਨ।

**ਪ੍ਰਸ਼ਨ 29A- ਗੁਰੂ ਰਵਿਦਾਸ ਜੀ ਸਾਡੇ ਗੁਰੂ ਹਨ ਜਾਂ ਭਗਤ?**

ਉੱਤਰ- ਗੁਰੂ ਰਵਿਦਾਸ ਜੀ ਸਾਡੇ ਗੁਰੂ ਹਨ। ਇਸ ਕਰਕੇ ਉਨ੍ਹਾਂ ਨੂੰ 'ਗੁਰੂ' ਰਵਿਦਾਸ ਕਹਿ ਕੇ ਸੰਬੋਧਨ ਕਰਨਾ ਚਾਹੀਦਾ ਹੈ ਨਾ ਕਿ ਭਗਤ ਰਵਿਦਾਸ ਕਹਿ ਕੇ ਕਿਉਂਕਿ ਗੁਰੂ ਰਵਿਦਾਸ ਜੀ ਭਗਤ ਤਾਂ ਪ੍ਰਮਾਤਮਾ ਦੇ ਹਨ।

**ਪ੍ਰਸ਼ਨ 30B- ਗੁਰੂ ਰਵਿਦਾਸ ਬਾਣੀ ਵਿਚ ਆਏ ਸ਼ਬਦ "ਰਾਜਾ ਰਾਮ ਕੀ ਸੇਵ ਨਾ ਕੀਨੀ", ਅਤੇ "ਤੁਮ ਸਰਨਾਗਤਿ ਰਾਜਾ ਰਾਮ ਚੰਦ" ਤੋਂ ਭਾਵ ਕੀ ਦਸ਼ਰਥ ਪੁੱਤਰ ਸ੍ਰੀ ਰਾਮਚੰਦਰ ਦੀ ਭਗਤੀ ਤੋਂ ਹੈ?**

ਉੱਤਰ- ਬਿਲਕੁਲ ਨਹੀਂ। ਇਨ੍ਹਾਂ ਸ਼ਬਦਾਂ ਦਾ ਭਾਵ ਸਾਰੀ ਸ੍ਰਿਸ਼ਟੀ ਵਿਚ ਰਮੇ ਹੋਏ ਰਾਮ ਭਾਵ ਪ੍ਰਮਾਤਮਾ ਤੋਂ ਹੈ।

**ਪ੍ਰਸ਼ਨ 31A- ਕੀ ਗੁਰੂ ਰਵਿਦਾਸ ਜੀ ਨੇ ਅਵਤਾਰ ਧਾਰਿਆ?**

ਉੱਤਰ- ਅਵਤਾਰ ਧਾਰਨ ਤੋਂ ਭਾਵ ਸਿਰਫ਼ ਜਨਮ ਲੈਣਾ ਹੀ ਹੁੰਦਾ ਹੈ। ਇਸ ਕਰਕੇ ਗੁਰੂ ਸਾਹਿਬਾਨਾਂ ਦੇ ਜਨਮ ਲੈਣ ਦੇ ਦਿਨ ਨੂੰ ਪ੍ਰਕਾਸ਼ ਦਿਹਾੜਾ, ਆਗਮਨ ਪੁਰਬ ਜਾਂ ਪ੍ਰਗਟ ਦਿਵਸ ਕਿਹਾ ਜਾਂਦਾ ਹੈ।

**ਪ੍ਰਸ਼ਨ 32B- ਸਤਿਯੁਗ, ਦੁਆਪਰ, ਤ੍ਰੇਤਾ ਅਤੇ ਕਲਿਯੁਗ ਆਦਿ ਚਾਰ ਯੁਗਾਂ ਅਤੇ ਇਨ੍ਹਾਂ ਦੀ ਪੂਜਾ ਵਿਧੀ ਬਾਰੇ ਗੁਰੂ ਰਵਿਦਾਸ ਜੀ ਦੇ ਵਿਚਾਰ ਦੱਸੋ।**

ਉੱਤਰ- ਗੁਰੂ ਜੀ ਚਾਰ ਯੁਗਾਂ ਅਤੇ ਇਸ ਦੀ ਪੂਜਾ ਵਿਧੀ ਨੂੰ ਮਾਨਤਾ ਨਹੀਂ ਦਿੰਦੇ, ਸਗੋਂ ਇਹ ਉਪਦੇਸ਼ ਦਿੰਦੇ ਹਨ ਕਿ ਇਸ ਵਿਧੀ ਨਾਲ ਮਨੁੱਖ ਪਾਰ ਨਹੀਂ ਹੋ ਸਕਦਾ।

**ਪ੍ਰਸ਼ਨ 33B- ਸ਼ਬਦ "ਕਲਿ ਕੇਵਲ ਨਾਮ ਅਧਾਰ" ਤੋਂ ਭਾਵ ਕੀ ਗੁਰੂ ਜੀ ਕਲਿਯੁਗ ਵਿਚ ਨਾਮ ਦਾ ਆਸਰਾ ਲੈਣ ਦੀ ਗੱਲ ਕਰ ਰਹੇ ਹਨ?**

ਉੱਤਰ- ਨਹੀਂ ਜੀ। ਇਸ ਪੰਕਤੀ ਵਿਚ ਗੁਰੂ ਜੀ ਹਿੰਦੂ ਧਰਮ ਦੀ ਪੂਜਾ ਵਿਧੀ ਦਰਸਾ ਰਹੇ ਹਨ ਜਿਸ ਤੋਂ ਭਾਵ ਕਿ ਕਲਿਯੁਗ ਵਿਚ ਅਵਤਾਰਾਂ ਦੀ ਪੂਜਾ ਭਾਵ ਮੂਰਤੀ ਪੂਜਾ ਦਾ ਵਿਧਾਨ ਹੈ।

**ਪ੍ਰਸ਼ਨ 34B- ਸ਼ਬਦ ਨੰਬਰ 23 "ਨਾਮ ਤੇਰੋ ਆਰਤੀ ਮਜਨੁ ਮੁਰਾਰੇ" ਕੀ ਇਹ ਸ਼ਬਦ ਗੁਰੂ ਜੀ ਨੇ ਪ੍ਰਮਾਤਮਾ ਦੀ ਆਰਤੀ ਉਤਾਰਨ ਵਾਸਤੇ ਉਚਾਰਿਆ ਹੈ?**

ਉੱਤਰ- ਨਹੀਂ ਜੀ। ਇਸ ਸ਼ਬਦ ਦੁਆਰਾ ਗੁਰੂ ਜੀ ਨੇ ਸੰਸਾਰਕ ਪਦਾਰਥਾਂ ਜਿਵੇਂ ਫੁੱਲ, ਦੀਵੇ, ਜਲ, ਚੰਦਨ ਆਦਿ ਦੀ ਬਜਾਏ ਪ੍ਰਭ ਦੇ ਨਾਮ-ਸਿਮਰਨ ਨੂੰ ਉੱਤਮ ਆਰਤੀ ਦਰਸਾਇਆ ਹੈ।

ਪ੍ਰਸ਼ਨ 35A- ਕਿਹੜੀ ਬਾਣੀ ਦੇਵੀ-ਦੇਵਤਿਆਂ ਅਤੇ ਹੋਰ ਭਗਵਾਨਾਂ ਦੀ ਪੂਜਾ ਦੀ ਮਨਾਹੀ ਕਰਦੀ ਹੈ?

ਉੱਤਰ- ਗੁਰੂ ਜੀ ਦਾ ਸਲੋਕ "ਹਰਿ ਸੋ ਹੀਰਾ ਛਾਡਿ ਕੈ ...॥" ਜਿਸ ਤੋਂ ਭਾਵ ਜੋ ਮਨੁੱਖ ਪਾਰਬ੍ਰਹਮ ਪ੍ਰਮਾਤਮਾ ਤੋਂ ਬਿਨਾਂ ਕਿਸੇ ਹੋਰ ਦੇਵੀ-ਦੇਵਤੇ, ਅਖੌਤੀ ਭਗਵਾਨਾਂ ਆਦਿ ਤੋਂ ਮੁਕਤੀ ਦੀ ਆਸ ਰੱਖਦਾ ਹੈ, ਉਹ ਮੁਕਤ ਨਹੀਂ ਹੋ ਸਕੇਗਾ।

ਪ੍ਰਸ਼ਨ 36B- ਸ਼ਬਦ ਨੰਬਰ 2 ਦੇ ਪਹਿਲੇ ਬੰਧ

"ਮੇਰੀ ਸੰਗਤਿ ਪੋਚ, ਸੋਚ ਦਿਨੁ ਰਾਤੀ॥

ਮੇਰਾ ਕਰਮੁ ਕੁਟਿਲਤਾ, ਜਨਮੁ ਕੁਭਾਂਤੀ॥"

ਵਿਚ ਕੀ ਗੁਰੂ ਰਵਿਦਾਸ ਜੀ ਇਹ ਕਹਿ ਰਹੇ ਹਨ ਕਿ ਮੇਰੀ ਸੰਗਤ ਮਾੜੀ ਹੈ ਅਤੇ ਮੇਰਾ ਕਰਮ ਤੇ ਜਨਮ ਵੀ ਭੈੜਾ ਹੈ?

ਉੱਤਰ- ਨਹੀਂ ਜੀ। ਇਸ ਬੰਧ ਵਿਚ ਗੁਰੂ ਰਵਿਦਾਸ ਜੀ ਆਪਣੀ ਪ੍ਰਭ ਪ੍ਰਾਪਤੀ ਤੋਂ ਪਹਿਲਾਂ ਦੀ ਅਵਸਥਾ ਬਿਆਨ ਕਰਦੇ ਹਨ ਕਿ ਹੇ ਪ੍ਰਭ! ਮੇਰੀ ਸੰਗਤ ਮਾਇਆ ਦੇ ਦੂਤ ਵਿਕਾਰਾਂ ਨਾਲ ਹੈ। ਇਸ ਕਰਕੇ ਮੇਰੇ ਕਰਮ ਖੋਟੇ ਬਣ ਗਏ ਹਨ ਜਿਸ ਨਾਲ ਮੇਰਾ ਜੀਵਨ ਭੈੜਾ ਤੇ ਅਪਵਿੱਤਰ ਬਣ ਗਿਆ ਹੈ।

ਪ੍ਰਸ਼ਨ 37B- ਗੁਰੂ ਜੀ ਦੇ ਕਿਹੜੇ ਸ਼ਬਦ ਵਿਚ ਕਿਹੜੇ ਭਗਵਾਨਾਂ ਦਾ ਜ਼ਿਕਰ ਹੈ?

ਉੱਤਰ- ਸ਼ਬਦ ਨੰਬਰ 39 "ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ॥" ਵਿਚ ਭਗਵਾਨ ਵਿਸ਼ਨੂੰ, ਬ੍ਰਹਮਾ ਅਤੇ ਸ਼ਿਵ ਜੀ ਦਾ ਜ਼ਿਕਰ ਹੈ।

ਪ੍ਰਸ਼ਨ 38B- ਗੁਰੂ ਜੀ ਦਾ ਕਿਹੜਾ ਸ਼ਬਦ ਸੰਸਾਰ ਵਿਚ ਸ਼ਾਂਤੀ ਤੇ ਭਾਈਚਾਰਾ ਸਥਾਪਤ ਕਰਨ ਦਾ ਉਪਦੇਸ਼ ਅਤੇ ਵਿਧੀ ਦੱਸਦਾ ਹੈ?

ਉੱਤਰ- ਸ਼ਬਦ ਨੰਬਰ 3 "ਬੇਗਮਪੁਰਾ ਸਹਰ ਕੋ ਨਾਓ॥"

ਪ੍ਰਸ਼ਨ 39B- ਗੁਰੂ ਜੀ ਦਾ ਕਿਹੜਾ ਸ਼ਬਦ ਧੂਫ ਧੁਖਾਉਣ, ਦੁੱਧ, ਫੁੱਲ ਅਰਪਣ ਕਰਨ ਅਤੇ ਦੀਵਾ ਜਗਾਉਣ ਆਦਿ ਦੀ ਮਨਾਹੀ ਕਰਦਾ ਹੈ?

ਉੱਤਰ- ਸ਼ਬਦ ਨੰਬਰ 13 "ਦੂਧੁ ਤ ਬਛਰੈ ਥਨਹੁ ਬਿਟਾਰਿਓ॥"

ਪ੍ਰਸ਼ਨ 40A- ਸੋਹੰ ਤੋਂ ਕੀ ਭਾਵ ਹੈ?

ਉੱਤਰ- ਸੋਹੰ ਤੋਂ ਭਾਵ – ਉਹ ਮੈਂ ਹਾਂ ਭਾਵ ਮੈਂ ਪ੍ਰਮਾਤਮਾ ਦੀ ਅੰਸ਼ ਹਾਂ।

ਪ੍ਰਸ਼ਨ 41A- ਹਰਿ ਤੋਂ ਕੀ ਭਾਵ ਹੈ?

ਉੱਤਰ- ਹਰਿ ਤੋਂ ਭਾਵ ਹੈ ਪਾਰਬ੍ਰਹਮ ਪ੍ਰਮਾਤਮਾ।

ਪ੍ਰਸ਼ਨ 42A- ਬਾਣੀ ਦੀ ਤੁਕ ਲਿਖੋ ਜਿਸ ਵਿਚ ਗੁਰੂ ਰਵਿਦਾਸ ਜੀ ਨੇ ਮਜੀਠ ਰੰਗ ਦਾ

ਸੰਕੇਤ ਦਿੱਤਾ ਹੈ।

ਉੱਤਰ- ਸ਼ਬਦ ਨੰਬਰ 4 "ਮੇਰੇ ਰਮਈਏ ਰੰਗੁ ਮਜੀਠ ਕਾ, ਕਹੁ ਰਵਿਦਾਸ ਚਮਾਰ॥"

**ਪ੍ਰਸ਼ਨ 43B- ਮਜੀਠੀ ਰੰਗ ਕਿਹੋ ਜਿਹਾ ਹੁੰਦਾ ਹੈ ਅਤੇ ਇਹ ਕਿੱਥੋਂ ਮਿਲਦਾ ਹੈ?**

ਉੱਤਰ- ਮਜੀਠੀ ਰੰਗ ਗੂੜ੍ਹਾ ਉਨਾਭੀ ਜਾਂ ਲਾਖਾ ਹੁੰਦਾ ਹੈ। ਇਹ ਰੰਗ ਇਕ ਖਾਸ ਕਿਸਮ ਦੀ ਬੇਲ (L Rubia Cordifogia) ਤੋਂ ਪ੍ਰਾਪਤ ਹੁੰਦਾ ਹੈ। ਪੁਰਾਣੇ ਜ਼ਮਾਨੇ ਵਿਚ ਇਸ ਨੂੰ ਸੁਕਾਅ ਕੇ, ਪੀਸ ਕੇ ਪਾਣੀ ਵਿਚ ਭਿਉਂ ਦਿੱਤਾ ਜਾਂਦਾ ਸੀ ਜਿਸ ਵਿਚੋਂ ਮਜੀਠ ਰੰਗ ਨਿਕਲਦਾ ਸੀ ਅਤੇ ਉਹ ਕੱਪੜਿਆਂ ਨੂੰ ਚਾੜ੍ਹਿਆ ਜਾਂਦਾ ਹੈ ਜੋ ਬੜਾ ਪੱਕਾ ਹੁੰਦਾ ਹੈ ਤੇ ਕੱਪੜਿਆਂ ਤੋਂ ਉਤਰਦਾ ਨਹੀਂ।

**ਪ੍ਰਸ਼ਨ 44A- ਮਜੀਠ ਰੰਗ ਕਿਸ ਸਮਾਜ ਦਾ ਰੰਗ ਹੈ?**

ਉੱਤਰ- ਮਜੀਠ ਰੰਗ ਗੁਰੂ ਰਵਿਦਾਸ ਨਾਮ ਲੇਵਾ ਸਮਾਜ ਦਾ ਰੰਗ ਹੈ, ਇਸੇ ਕਰਕੇ ਇਸ ਸਮਾਜ ਦੇ ਧਾਰਮਿਕ ਅਸਥਾਨਾਂ 'ਤੇ ਮਜੀਠ ਰੰਗ ਦੇ ਨਿਸ਼ਾਨ ਸਾਹਿਬ ਝੂਲਦੇ ਹਨ।

**ਪ੍ਰਸ਼ਨ 45A- ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ 'ਚਮਾਰ' ਸ਼ਬਦ ਕਿਉਂ ਦਰਜ ਕੀਤਾ?**

ਉੱਤਰ- ਉੱਚ ਜਾਤੀਆਂ ਦੇ ਜਾਤੀ ਘੁਮੰਡ ਨੂੰ ਵੰਗਾਰਨ ਲਈ ਅਤੇ ਛੋਟੀਆਂ ਕਹੀਆਂ ਜਾਣ ਵਾਲੀਆਂ ਜਾਤੀਆਂ ਵਿਚ ਜਾਤੀ ਹੀਣ ਭਾਵਨਾ ਖਤਮ ਕਰਕੇ ਸਵੈਮਾਣ ਵਧਾਉਣ ਵਾਸਤੇ ਅਤੇ ਇਹ ਸਿਧ ਕਰਨ ਵਾਸਤੇ ਕਿ ਪ੍ਰਭ ਕਿਸੇ ਦੇ ਪਿਤਾ ਦੀ ਨਿੱਜੀ ਜਾਇਦਾਦ ਨਹੀਂ।

**ਪ੍ਰਸ਼ਨ 46A- ਗੁਰੂ ਰਵਿਦਾਸ ਨਾਮ ਲੇਵਾ ਸਮਾਜ ਦੇ ਲੋਕ ਇਕ-ਦੂਜੇ ਨੂੰ ਬੁਲਾਉਣ ਸਮੇਂ ਕਿਹੜਾ ਬੋਲਾ ਵਰਤਦੇ ਹਨ?**

ਉੱਤਰ- ਪਹਿਲਾ ਸੱਜਣ 'ਜੈ ਗੁਰੂਦੇਵ' ਕਹਿੰਦਾ ਹੈ ਅਤੇ ਦੂਸਰਾ 'ਧੰਨ ਗੁਰੂਦੇਵ' ਕਹਿ ਕੇ ਆਪਣੇ ਗੁਰੂ ਸਾਹਿਬਾਨਾਂ ਨੂੰ ਸਤਿਕਾਰਦਾ ਹੈ।

**ਪ੍ਰਸ਼ਨ 47A- ਕਿਹੜੀਆਂ ਜਾਤਾਂ ਭਾਰਤ ਦੀਆਂ ਮੂਲ ਨਿਵਾਸੀ ਜਾਤੀਆਂ ਹਨ?**

ਉੱਤਰ- ਸਮਾਜਿਕ ਪਛੜੇਪਨ ਨੂੰ ਹੰਢਾਉਂਦੀਆਂ ਨੀਵੀਆਂ ਕਹੀਆਂ ਜਾਣ ਵਾਲੀਆਂ ਜਾਤੀਆਂ ਭਾਰਤ ਦੀਆਂ ਮੂਲ ਨਿਵਾਸੀ ਜਾਤਾਂ ਹਨ।

**ਪ੍ਰਸ਼ਨ 48A- ਭਾਰਤ ਦੇ ਮੂਲ ਨਿਵਾਸੀਆਂ ਦੀ ਸੱਭਿਅਤਾ ਕਿਹੜੀ ਹੈ ਅਤੇ ਇਸ ਨੂੰ ਕਿਸ ਨੇ ਤਬਾਹ ਕੀਤਾ?**

ਉੱਤਰ- ਸਿੰਧੂ ਘਾਟੀ, ਮਹਿੰਜੋਦੜੋ ਅਤੇ ਹੜੱਪਾ ਸੱਭਿਅਤਾ। ਇਸ ਨੂੰ ਆਰੀਆ

ਲੋਕਾਂ ਨੇ ਤਬਾਹ ਕੀਤਾ।

**ਪ੍ਰਸ਼ਨ 49A-** **ਆਰੀਆ ਲੋਕ ਕਿਥੋਂ ਅਤੇ ਕਿਉਂ ਆਏ?**

ਉੱਤਰ- ਆਰੀਆ ਲੋਕ ਭਾਰਤ ਦੀ ਅਮੀਰ ਸੱਭਿਅਤਾ ਨੂੰ ਹੜੱਪਣ ਲਈ ਮੱਧ ਏਸ਼ੀਆ ਤੋਂ ਭਾਰਤ ਆਏ।

**ਪ੍ਰਸ਼ਨ 50B-** **ਆਰੀਆ ਲੋਕਾਂ ਨੇ ਵਰਣ ਵੰਡ ਵਿਚ ਭਾਰਤ ਦੇ ਮੂਲ ਵਾਸੀਆਂ ਨੂੰ ਕਿਹੜਾ ਦਰਜਾ ਦਿੱਤਾ?**

ਉੱਤਰ- ਸ਼ੂਦਰ, ਅਛੂਤ ਅਤੇ ਅੱਤ ਅਛੂਤ ਦਾ ਦਰਜਾ। ਜਿਨ੍ਹਾਂ ਮੂਲ ਨਿਵਾਸੀਆਂ ਨੇ ਆਰੀਆ ਦੀ ਅਧੀਨਗੀ ਕਬੂਲ ਕਰ ਲਈ, ਉਨ੍ਹਾਂ ਨੂੰ ਸ਼ੂਦਰ ਜਿਨ੍ਹਾਂ ਨੇ ਅਧੀਨਗੀ ਨਹੀਂ ਕਬੂਲੀ ਅਤੇ ਆਰੀਅਨਾਂ ਦਾ ਵਿਰੋਧ ਕੀਤਾ ਨੂੰ, ਉਨ੍ਹਾਂ ਨਾ ਛੂਹਣਯੋਗ ਭਾਵ ਅਛੂਤ ਅਤੇ ਅੱਤ ਅਛੂਤ ਦਾ ਦਰਜਾ ਦਿੱਤਾ।

**ਪ੍ਰਸ਼ਨ 51B-** **ਕੀ ਆਰੀਅਨ ਆਪਣੀਆਂ ਔਰਤਾਂ ਨੂੰ ਵੀ ਭਾਰਤ ਵਿਚ ਲੈ ਕੇ ਆਏ ਅਤੇ ਉਨ੍ਹਾਂ ਔਰਤਾਂ ਨੂੰ ਕਿਹੜਾ ਦਰਜਾ ਦਿੱਤਾ।**

ਉੱਤਰ- ਆਰੀਅਨ ਆਪਣੀਆਂ ਔਰਤਾਂ ਨੂੰ ਭਾਰਤ ਲੈ ਕੇ ਨਹੀਂ ਆਏ। ਸੋ, ਭਾਰਤ ਦੀਆਂ ਸਾਰੀਆਂ ਔਰਤਾਂ ਮੂਲ ਨਿਵਾਸੀ ਹਨ। ਇਸੇ ਕਰਕੇ ਆਰੀਅਨਾਂ ਨੇ ਭਾਰਤੀ ਔਰਤ ਨੂੰ ਸ਼ੂਦਰ ਦੇ ਬਰਾਬਰ ਸਮਝਿਆ।

**ਪ੍ਰਸ਼ਨ 52A-** **'ਗੁਰੂ ਰਵਿਦਾਸ ਸ਼ਕਤੀ ਅਮਰ ਰਹੇ' ਨਾਅਰੇ ਸਬੰਧੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਦੇ ਵਿਚਾਰ ਦੱਸੋ।**

ਉੱਤਰ- ਸੰਸਥਾ ਦੇ ਵਿਚਾਰ ਅਨੁਸਾਰ ਇਹ ਨਾਅਰਾ ਠੀਕ ਨਹੀਂ ਕਿਉਂਕਿ ਗੁਰੂ ਜੀ ਦੀ ਸ਼ਕਤੀ ਪਹਿਲਾਂ ਹੀ ਅਤੇ ਸਦੀਵੀ ਅਮਰ ਹੈ। ਅਸੀਂ ਇਸ ਤਰ੍ਹਾਂ ਕਿਉਂ ਕਹਿ ਰਹੇ ਹਾਂ ਕੀ ਇਸ ਸ਼ਕਤੀ 'ਤੇ ਸਾਨੂੰ ਕੋਈ ਸ਼ੰਕਾ ਹੈ ਜਾਂ ਸਾਡੇ ਕਹਿਣ ਉੱਤੇ ਹੀ ਇਹ ਸ਼ਕਤੀ ਅਮਰ ਰਹਿਣੀ ਹੈ।

**ਪ੍ਰਸ਼ਨ 53A-** **ਭਗਵਾਨ ਵਾਲਮੀਕਿ ਮਹਾਰਾਜ ਜੀ ਦੀਆਂ ਰਚਨਾਵਾਂ ਬਾਰੇ ਜਾਣਕਾਰੀ ਦਿਓ।**

ਉੱਤਰ- ਭਗਵਾਨ ਵਾਲਮੀਕਿ ਮਹਾਰਾਜ ਜੀ ਦੀਆਂ ਪ੍ਰਮੁੱਖ ਰਚਨਾਵਾਂ ਰਮਾਇਣ ਅਤੇ ਯੋਗ ਵਸ਼ਿਸ਼ਟ ਹਨ। ਭਗਵਾਨ ਵਾਲਮੀਕਿ ਮਹਾਰਾਜ ਜੀ ਦੀਆਂ ਰਚਨਾਵਾਂ ਮਨੁੱਖੀ ਕਲਿਆਣ ਲਈ ਅਜ਼ਾਦੀ, ਸਮਾਨਤਾ, ਭਾਈਚਾਰਾ ਅਤੇ ਸੰਘਰਸ਼ਸ਼ੀਲ ਕ੍ਰਾਂਤੀਕਾਰੀ ਢੰਗ ਨਾਲ ਜੀਵਨ ਜਿਊਣ ਦੀਆਂ ਸਿੱਖਿਆਵਾਂ ਦਿੰਦੀਆਂ ਹਨ।

**ਪ੍ਰਸ਼ਨ 54B-** **ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਧਰਮ ਬਾਰੇ ਕੀ ਵਿਚਾਰ ਹਨ?**

ਉੱਤਰ- ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਅਨੁਸਾਰ 'ਸਤਯੰਹਿ ਪਰਮੰ

ਧਰਮੰ ਧਰਮਵਿਦੋਜਨਾ' ਭਾਵ ਕਿ ਸ੍ਰੇਸ਼ਟ ਕਰਮਾਂ ਵਿਚ ਵਿਸ਼ਵਾਸ ਹੀ ਧਰਮ ਹੈ ਅਤੇ ਨਾਲ ਹੀ ਫੁਰਮਾਉਂਦੇ ਹਨ 'ਸਤਯਮ ਸਮਨੁਵਰਤੱਸਵ ਯਦਿ ਧਰਮੇ ਦ੍ਰਿਤਾਮਤਿ' ਭਾਵ ਕਿ ਫਰਜ਼ ਨੂੰ ਨਿਭਾਉਣਾ ਵੀ ਧਰਮ ਹੀ ਹੈ, ਪਰ ਧਰਮ ਵੀ ਸੱਚ 'ਤੇ ਅਧਾਰਿਤ ਹੋਣਾ ਚਾਹੀਦਾ ਹੈ ਕਿਉਂਕਿ ਸੱਚ ਹੀ ਸਭ ਦੀ ਜੜ੍ਹ ਹੈ। ਸੱਚ ਹਮੇਸ਼ਾ ਸੱਚ ਹੀ ਰਹਿੰਦਾ ਹੈ। ਸੱਚ 'ਤੇ ਚੱਲਣ ਵਾਲਾ ਮਨੁੱਖ ਮੌਤ ਤੋਂ ਵੀ ਨਹੀਂ ਡਰਦਾ।

**ਪ੍ਰਸ਼ਨ 55B- ਭਗਵਾਨ ਵਾਲਮੀਕਿ ਮਹਾਰਾਜ ਜੀ ਕਿਸਮਤ ਦੇ ਸਹਾਰੇ ਰਹਿਣ ਵਾਲੇ ਲੋਕਾਂ ਬਾਰੇ ਕੀ ਫੁਰਮਾਉਂਦੇ ਹਨ?**

ਉੱਤਰ- "ਆਤਮਾਨਮਨੁਸ਼ੋਚਤਵਮ ਕਿਮ ਅਨਯਮਨੁਸ਼ੋਚਸਿ" ਭਾਵ ਕਿ ਭਗਵਾਨ ਵਾਲਮੀਕਿ ਮਹਾਰਾਜ ਜੀ ਫੁਰਮਾਉਂਦੇ ਹਨ ਕਿ "ਜੋ ਮਨੁੱਖ ਕਿਸਮਤ ਦੇ ਸਹਾਰੇ ਰਹਿੰਦਾ ਹੈ ਪਰਿਵਰਤਨ ਲਈ ਆਪ ਕੋਈ ਯਤਨ ਨਹੀਂ ਕਰਦਾ ਉਹ ਮਨੁੱਖ ਕਮਜ਼ੋਰ ਤੇ ਡਰਪੋਕ ਹੁੰਦਾ ਹੈ। ਭਗਵਾਨ ਵਾਲਮੀਕਿ ਜੀ ਸੰਘਰਸ਼ ਨੂੰ ਮਹੱਤਵ ਦਿੰਦੇ ਹਨ, ਸੰਘਰਸ਼ ਕੰਮ ਵਿਚ ਲਗਨ ਨੂੰ ਵਧਾਉਂਦਾ ਹੈ ਅਤੇ ਲਗਨ ਨਾਲ ਹੀ ਸਫਲਤਾ ਪ੍ਰਾਪਤ ਹੁੰਦੀ ਹੈ। ਸਵੈ-ਭਰੋਸੇ ਤੋਂ ਵੱਧ ਹੋਰ ਕੋਈ ਬਲ ਨਹੀਂ ਹੁੰਦਾ, ਜਿਸ ਮਨੁੱਖ ਵਿਚ ਸਵੈ-ਭਰੋਸਾ (ਆਤਮ ਵਿਸ਼ਵਾਸ) ਹੁੰਦਾ ਹੈ ਉਸ ਮਨੁੱਖ ਦੇ ਲਈ ਸੰਸਾਰ ਦਾ ਕੋਈ ਵੀ ਕੰਮ ਅਸੰਭਵ ਨਹੀਂ ਹੁੰਦਾ। ਮਨੁੱਖ ਸੱਚੀ ਲਗਨ ਨਾਲ ਸਭ ਕੁਝ ਪ੍ਰਾਪਤ ਕਰ ਸਕਦਾ ਹੈ।

**ਪ੍ਰਸ਼ਨ 56A- ਸਤਿਗੁਰੂ ਨਾਮਦੇਵ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?**

ਉੱਤਰ- 26 ਅਕਤੂਬਰ 1270 ਈ. ਨੂੰ ਪਿੰਡ ਨਰਸੀ ਬਾਮਣੀ, ਜ਼ਿਲ੍ਹਾ ਸਿਤਾਰਾ ਮਹਾਂਰਾਸ਼ਟਰ ਪ੍ਰਾਂਤ ਵਿਖੇ। ਹੁਣ ਇਸ ਦਾ ਨਾਂਅ ਬਦਲ ਕੇ ਨਰਸੀ ਨਾਮਦੇਵ, ਜ਼ਿਲ੍ਹਾ ਹਿਂਗੋਲੀ ਹੈ।

**ਪ੍ਰਸ਼ਨ 57A- ਸਤਿਗੁਰੂ ਨਾਮਦੇਵ ਜੀ ਦੇ ਮਾਤਾ-ਪਿਤਾ ਦਾ ਨਾਂਅ ਅਤੇ ਕਿੱਤੇ ਦਾ ਵੇਰਵਾ ਦਿਓ।**

ਉੱਤਰ- ਪਿਤਾ ਸ੍ਰੀ ਦਾਮਸ਼ੇਟ ਜੀ, ਮਾਤਾ ਸ੍ਰੀਮਤੀ ਗੋਨਾ ਬਾਈ ਜੀ। ਸਤਿਗੁਰੂ ਨਾਮਦੇਵ ਜੀ ਛੀਂਬਾ ਪਰਿਵਾਰ ਨਾਲ ਸਬੰਧਿਤ ਸਨ ਅਤੇ ਦਰਜੀ ਦਾ ਕਿੱਤਾ ਕਰਦੇ ਸਨ। ਮਰਾਠੀ ਭਾਸ਼ਾ ਵਿਚ ਦਰਜੀ ਨੂੰ 'ਛੀਂਪੀ' ਕਹਿੰਦੇ ਹਨ।

**ਪ੍ਰਸ਼ਨ 58A- ਸਤਿਗੁਰੂ ਨਾਮਦੇਵ ਜੀ ਦੇ ਗੁਰੂ ਕੌਣ ਸਨ ਤੇ ਉਨ੍ਹਾਂ ਨੇ ਸਤਿਗੁਰੂ ਨਾਮਦੇਵ ਜੀ ਨੂੰ ਉਪਦੇਸ਼ ਕਿਵੇਂ ਦਿੱਤਾ?**

ਉੱਤਰ- ਸਤਿਗੁਰੂ ਨਾਮਦੇਵ ਜੀ ਪਹਿਲਾਂ ਨਾਥ ਸੰਪਰਦਾ ਦੇ ਪ੍ਰਭਾਵ ਵਿਚ ਸਨ।

ਇਕ ਵਾਰ ਇਕ ਬਜ਼ੁਰਗ ਵਿਸ਼ੋਭਾ ਖੇਚਰ ਜੀ ਸ਼ਿਵਲਿੰਗ ਉਪਰ ਪੈਰ ਰੱਖ ਕੇ ਸੌਂ ਰਹੇ ਸਨ। ਸਤਿਗੁਰੂ ਨਾਮਦੇਵ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਰੱਬ 'ਤੇ ਪੈਰ ਰੱਖਿਆ ਹੈ, ਇਸ ਨੂੰ ਹਟਾਓ। ਉਸ ਬਜ਼ੁਰਗ ਨੇ ਕਿਹਾ ਕਿ ਜਿਥੇ ਰੱਬ ਨਹੀਂ ਹੈ, ਉਥੇ ਮੇਰੇ ਪੈਰ ਰੱਖ ਦੇ। ਸਤਿਗੁਰੂ ਨਾਮਦੇਵ ਜੀ ਨੂੰ ਕੋਈ ਵੀ ਜਗ੍ਹਾ ਪ੍ਰਮਾਤਮਾ ਤੋਂ ਖਾਲੀ ਨਾ ਲੱਗੀ। ਇਸ ਤੋਂ ਹੀ ਉਨ੍ਹਾਂ ਨੂੰ ਪ੍ਰਮਾਤਮਾ ਦਾ ਗਿਆਨ ਹੋ ਗਿਆ। ਸਤਿਗੁਰੂ ਨਾਮਦੇਵ ਜੀ ਨੇ ਵਿਸ਼ੋਭਾ ਖੇਚਰ ਜੀ ਨੂੰ ਆਪਣੇ ਗੁਰੂ ਬਣਾ ਲਿਆ। ਸਤਿਗੁਰੂ ਨਾਮਦੇਵ ਜੀ ਨੇ ਆਪਣੀ ਬਾਣੀ ਵਿਚ ਕਿਹਾ -

**ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥**
**ਜੇ ਓਹੁ ਦੇਉ ਤ ਓਹੁ ਭੀ ਦੇਵਾ ॥**
**ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥**

**ਪ੍ਰਸ਼ਨ 59B-** **ਸਤਿਗੁਰੂ ਨਾਮਦੇਵ ਜੀ ਦੀ ਕਿੰਨੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।**

**ਉੱਤਰ-** 61 ਸ਼ਬਦ।

**ਪ੍ਰਸ਼ਨ 60B-** **ਜ਼ਿਲ੍ਹਾ ਗੁਰਦਾਸਪੁਰ ਪੰਜਾਬ ਵਿਚ ਸਤਿਗੁਰੂ ਨਾਮਦੇਵ ਜੀ ਦੇ ਕਿੱਥੇ-ਕਿੱਥੇ ਅਸਥਾਨ ਹਨ ਅਤੇ ਸਤਿਗੁਰੂ ਜੀ ਕਿੰਨਾਂ ਸਮਾਂ ਪੰਜਾਬ ਵਿਚ ਰਹੇ?**

**ਉੱਤਰ-** 1. ਪਿੰਡ ਘੁਮਾਣ ਵਿਖੇ ਗੁਰਦੁਆਰਾ ਦੇਹਰਾ ਸਾਹਿਬ।
2. ਪਿੰਡ ਭੱਟੀਵਾਲ ਵਿਖੇ ਨਾਮੇਆਣਾ ਅਸਥਾਨ।
ਸਤਿਗੁਰੂ ਨਾਮਦੇਵ ਜੀ 18 ਸਾਲ ਪੰਜਾਬ ਵਿਚ ਰਹੇ।

**ਪ੍ਰਸ਼ਨ 61B-** **ਸਤਿਗੁਰੂ ਨਾਮਦੇਵ ਜੀ ਜੋਤੀ ਜੋਤ ਕਦੋਂ ਅਤੇ ਕਿਥੇ ਸਮਾਏ?**

**ਉੱਤਰ-** ਸਤਿਗੁਰੂ ਨਾਮਦੇਵ ਜੀ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਘੁਮਾਣ ਵਿਖੇ 1350 ਈ. ਨੂੰ ਜੋਤੀ ਜੋਤ ਸਮਾਏ।

**ਪ੍ਰਸ਼ਨ 62A-** **ਸਤਿਗੁਰੂ ਕਬੀਰ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਅਤੇ ਉਨ੍ਹਾਂ ਦੇ ਮਾਤਾ-ਪਿਤਾ ਦਾ ਨਾਮ ਦੱਸੋ।**

**ਉੱਤਰ-** 1398 ਈ. ਬਨਾਰਸ ਵਿਖੇ ਪਿਤਾ ਸ੍ਰੀ ਨੀਰੂ ਜੀ ਅਤੇ ਮਾਤਾ ਸ੍ਰੀਮਤੀ ਨੀਮਾ ਜੀ।

**ਪ੍ਰਸ਼ਨ 63A-** **ਸਤਿਗੁਰੂ ਕਬੀਰ ਜੀ ਕਿਹੜਾ ਕਿੱਤਾ (ਕੰਮ-ਕਾਰ) ਕਰਦੇ ਸਨ?**

**ਉੱਤਰ-** ਜੁਲਾਹੇ ਵਾਲਾ ਕੰਮ ਭਾਵ ਕੱਪੜਾ ਬੁਨਣ ਦਾ।

**ਪ੍ਰਸ਼ਨ 64A-** **ਸਤਿਗੁਰੂ ਕਬੀਰ ਜੀ ਦੇ ਗੁਰੂ ਕੌਣ ਸਨ?**

**ਉੱਤਰ-** ਪਾਰਬ੍ਰਹਮ ਪ੍ਰਮਾਤਮਾ।

ਪ੍ਰਸ਼ਨ 65B- ਸਤਿਗੁਰੂ ਕਬੀਰ ਜੀ ਦੀ ਕਿੰਨੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ?

ਉੱਤਰ- ਅਸ਼ਟਪਦੀਆਂ ਅਤੇ ਸ਼ਬਦਾਂ ਦੀ ਗਿਣਤੀ-297 ਅਤੇ ਸਲੋਕ-243 ਦਰਜ ਹਨ।

ਪ੍ਰਸ਼ਨ 66A- ਦੀਨ ਦੁਖੀਆਂ ਦੀ ਰੱਖਿਆ ਅਤੇ ਜਬਰ ਜ਼ੁਲਮ ਦੇ ਟਾਕਰੇ ਲਈ ਸਤਿਗੁਰੂ ਕਬੀਰ ਜੀ ਨੇ ਕੀ ਉਪਦੇਸ਼ ਦਿੱਤਾ?

ਉੱਤਰ- ਸੂਰਾ ਸੋ ਪਹਿਚਾਨੀਐ, ਜੋ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤ॥

ਪ੍ਰਸ਼ਨ 67A- ਸਤਿਗੁਰੂ ਕਬੀਰ ਜੀ ਨੇ 'ਅਹੋਈ' ਨਾਂਅ ਦੇ ਵਰਤ ਸਬੰਧੀ ਕੀ ਉਪਦੇਸ਼ ਦਿੱਤਾ ਹੈ?

ਉੱਤਰ- ਕਬੀਰ ਹਰਿ ਕਾ ਸਿਮਰਨੁ ਛਾਡਿ ਕੈ,
ਅਹੋਈ ਰਾਖੈ ਨਾਰਿ॥
ਗਦਹੀ ਹੋਇ ਕੈ ਅਉਤਰੈ, ਭਾਰੁ ਸਹੈ ਮਨ ਚਾਰਿ॥
ਭਾਵ ਜੋ ਇਸਤਰੀ ਹਰੀ ਦੇ ਸਿਮਰਨ ਨੂੰ ਛੱਡ ਕੇ ਅਹੋਈ (ਇਕ ਵਰਤ) ਰੱਖਦੀ ਹੈ ਉਹ ਅਗਲੇ ਜਨਮ ਵਿਚ ਗਧੀ ਬਣਦੀ ਹੈ ਤੇ ਚਾਰ ਮਣ ਭਾਰ ਢੋਂਹਦੀ ਹੈ।

ਪ੍ਰਸ਼ਨ 68A- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਅਤੇ ਕਿਥੇ ਹੋਇਆ?

ਉੱਤਰ- 15 ਅਪ੍ਰੈਲ, 1469 ਈ. ਰਾਇ ਭੋਇ ਦੀ ਤਲਵੰਡੀ ਨਨਕਾਣਾ ਸਾਹਿਬ (ਪਾਕਿਸਤਾਨ) ਵਿਚ।

ਪ੍ਰਸ਼ਨ 69A- ਗੁਰੂ ਨਾਨਕ ਦੇਵ ਜੀ ਦੇ ਮਾਤਾ ਅਤੇ ਪਿਤਾ ਦਾ ਨਾਮ ਦੱਸੋ।

ਉੱਤਰ- ਮਾਤਾ ਸ੍ਰੀਮਤੀ ਤ੍ਰਿਪਤਾ ਜੀ ਅਤੇ ਪਿਤਾ ਸ੍ਰੀ ਮਹਿਤਾ ਕਲਿਆਣ ਦਾਸ ਜੀ।

ਪ੍ਰਸ਼ਨ 70B- ਗੁਰੂ ਨਾਨਕ ਦੇਵ ਜੀ ਦੀ ਸ਼ਾਦੀ ਕਿੰਨੀ ਉਮਰ ਵਿਚ ਕਿਸ ਨਾਲ ਅਤੇ ਕਿੱਥੇ ਹੋਈ?

ਉੱਤਰ- 18 ਸਾਲ ਦੀ ਉਮਰ ਵਿਚ ਮਾਤਾ ਸੁਲੱਖਣੀ ਜੀ ਨਾਲ ਬਟਾਲੇ ਵਿਖੇ।

ਪ੍ਰਸ਼ਨ 71A- ਗੁਰੂ ਨਾਨਕ ਦੇਵ ਜੀ ਦੇ ਨਾਲ ਰਬਾਬ ਵਜਾਉਣ ਵਾਲੇ ਸਾਥੀ ਕੌਣ ਅਤੇ ਉਹ ਕਿਹੜੇ ਵੰਸ਼ ਵਿੱਚੋਂ ਸਨ?

ਉੱਤਰ- ਭਾਈ ਮਰਦਾਨਾ ਜੀ ਅਤੇ ਆਪ ਮਰਾਸੀ ਵੰਸ਼ ਵਿੱਚੋਂ ਸਨ।

ਪ੍ਰਸ਼ਨ 72B- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਮੰਤਰ ਅਤੇ ਉਸ ਦੇ ਭਾਵ ਅਰਥ ਦੱਸੋ।

ਉੱਤਰ- ਮੂਲ ਮੰਤਰ – *ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ*

ਅਜੂਨੀ ਸੈਭੰ ਗੁਰਪ੍ਰਸਾਦਿ ॥

ਭਾਵ ਅਰਥ - ਅਕਾਲ ਪੁਰਖ ਇਕ ਹੈ, ਜਿਸ ਦਾ ਨਾਮ ਹੋਂਦ ਵਾਲਾ ਹੈ, ਜੋ ਸ੍ਰਿਸ਼ਟੀ ਦਾ ਰਚਨਹਾਰ ਅਤੇ ਸਭ ਵਿਚ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ ਰਹਿਤ ਹੈ, ਜਿਸ ਦਾ ਸਰੂਪ ਕਾਲ (ਸਮੇਂ) ਤੋਂ ਪਰੇ ਹੈ, ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

ਪ੍ਰਸ਼ਨ 73B- **ਗੁਰੂ ਜੀ ਨੇ ਕਿੰਨੀ ਉਮਰ ਵਿਚ ਜਨੇਊ ਪਾਉਣ ਤੋਂ ਇਨਕਾਰ ਕੀਤਾ ਤੇ ਬਾਣੀ ਵਿਚ ਜਨੇਊ ਬਾਰੇ ਕੀ ਕਿਹਾ?**

ਉੱਤਰ- 10 ਸਾਲ ਦੀ ਉਮਰ ਵਿਚ ਅਤੇ ਗੁਰੂ ਜੀ ਨੇ ਬਾਣੀ ਵਿਚ ਕਿਹਾ - **ਦਇਆ ਕਪਾਹ ਸੰਤੋਖੁ ਸੂਤ, ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**

ਪ੍ਰਸ਼ਨ 74B- **"ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥" ਅਨੁਸਾਰ ਸੁੱਚੇ ਮਨੁੱਖ ਕੌਣ ਹਨ?**

ਉੱਤਰ- ਭਾਵ - ਸੁੱਚੇ ਉਹ ਨਹੀਂ ਜੋ ਕੇਵਲ ਸਰੀਰ ਨੂੰ ਧੋ ਕੇ ਆਪਣੇ ਆਪ ਨੂੰ ਪਵਿੱਤਰ ਮੰਨਦੇ ਹਨ। ਸੁੱਚੇ ਮਨੁੱਖ ਉਹ ਹਨ ਜਿਨ੍ਹਾਂ ਦੇ ਮਨ ਵਿਚ ਪ੍ਰਭ ਵੱਸਦਾ ਹੈ।

ਪ੍ਰਸ਼ਨ 75B- **"ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥" ਵਿਚ ਸੂਤਕ ਬਾਰੇ ਕੀ ਦੱਸਿਆ ਹੈ?**

ਉੱਤਰ- ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਸੂਤਕ ਮੰਨਣਾ ਨਿਰਾ ਭਰਮ ਹੈ। ਪ੍ਰਭ ਦੀ ਰਜ਼ਾ ਵਿਚ ਹੀ ਜੀਵ ਜੰਮਦਾ ਅਤੇ ਮਰਦਾ ਹੈ।

ਪ੍ਰਸ਼ਨ 76B- **ਸਤਿਗੁਰੂ ਤ੍ਰਿਲੋਚਨ ਜੀ ਦੇ ਜੀਵਨ ਸਬੰਧੀ ਚਾਨਣਾ ਪਾਓ।**

ਉੱਤਰ- ਸਤਿਗੁਰੂ ਸੰਤ ਤ੍ਰਿਲੋਚਨ ਜੀ ਦਾ ਪ੍ਰਕਾਸ਼ ਸੰਨ 1267 ਈ: ਨੂੰ ਮਹਾਰਾਸ਼ਟਰ ਦੇ ਜ਼ਿਲ੍ਹਾ ਸ਼ੋਲਾਪੁਰ ਦੇ ਪਿੰਡ ਬਾਰਸੀ ਵਿਖੇ ਹੋਇਆ। ਆਪ ਵੈਸ਼ ਕੁੱਲ ਵਿਚੋਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 4 ਸ਼ਬਦ ਦਰਜ ਹਨ। ਸਤਿਗੁਰੂ ਕਬੀਰ ਜੀ ਦੇ ਸਲੋਕਾਂ ਵਿਚ ਸਤਿਗੁਰੂ ਨਾਮਦੇਵ ਅਤੇ ਸਤਿਗੁਰੂ ਤ੍ਰਿਲੋਚਨ ਜੀ ਦਾ ਸੰਵਾਦ ਮਿਲਦਾ ਹੈ, ਕਿ ਸਾਨੂੰ ਹੱਥੀਂ ਕਿਰਤ ਕਰਦਿਆਂ ਹੋਇਆਂ ਮਨ ਪ੍ਰਮਾਤਮਾ ਨਾਲ ਜੋੜ ਕੇ ਰੱਖਣਾ ਚਾਹੀਦਾ ਹੈ -

**"ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ ॥
ਹਾਥ ਪਾਉ ਕਰਿ ਕਾਮੁ ਸਭੁ, ਚੀਤੁ ਨਿਰੰਜਨ ਨਾਲਿ ॥"**

**ਪ੍ਰਸ਼ਨ 77B- ਸਤਿਗੁਰੂ ਸਧਨਾ ਜੀ ਦੇ ਜੀਵਨ ਸਬੰਧੀ ਚਾਨਣਾ ਪਾਓ।**

ਉੱਤਰ- ਸਤਿਗੁਰੂ ਸੰਤ ਸਧਨਾ ਜੀ ਦਾ ਜਨਮ ਸਿੰਧ (ਹੁਣ ਪਾਕਿਸਤਾਨ) ਦੇ ਪਿੰਡ ਸੇਹਵਾਨ ਵਿਚ ਹੋਇਆ। ਆਪ ਸਤਿਗੁਰੂ ਨਾਮਦੇਵ ਜੀ ਦੇ ਸਮਕਾਲੀ ਸਨ। ਪਹਿਲੋਂ ਆਪ ਕਸਾਈ ਦਾ ਕਿੱਤਾ ਕਰਦੇ ਸਨ, ਪਰ ਭਗਤੀ ਭਾਵ ਨੇ ਆਪ ਜੀ ਦਾ ਮਨ ਪਲਟ ਦਿੱਤਾ ਤੇ ਆਪ ਪ੍ਰਭ ਦੇ ਉੱਤਮ ਭਗਤ ਹੋਏ। ਆਪ ਨੇ ਫੁਰਮਾਇਆ "ਸਿੰਘ ਸਰਨ ਕਤ ਜਾਈਐ, ਜਉ ਜੰਬਕ ਗ੍ਰਾਸੈ॥" ਕਿ ਹੇ ਪ੍ਰਭ! ਜੇਕਰ ਸ਼ੇਰ ਦੀ ਸ਼ਰਨ ਆਇਆਂ ਨੂੰ ਜੰਭਕ (ਗਿੱਦੜ) ਹੀ ਖਾ ਜਾਏ ਤਾਂ ਫਿਰ ਸ਼ੇਰ ਦੀ ਸ਼ਰਨ ਆਉਣ ਦਾ ਕੀ ਲਾਭ। ਇਸ ਕਰਕੇ "ਮੈ ਨਾਹੀ, ਕਛੁ ਹਉ ਨਹੀ, ਕਛੁ ਆਹਿ ਨ ਮੋਰਾ॥ ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥" ਸੋ, ਹੇ ਪ੍ਰਭ! ਮੈ ਤੇਰੀ ਸ਼ਰਨ ਵਿਚ ਹਾਂ, ਮੇਰੀ ਲਾਜ ਰੱਖੀਂ।

**ਪ੍ਰਸ਼ਨ 78B- ਸਤਿਗੁਰ ਸੈਨ ਜੀ ਦੇ ਜੀਵਨ ਸਬੰਧੀ ਚਾਨਣਾ ਪਾਓ।**

ਉੱਤਰ- ਸਤਿਗੁਰੂ ਸੰਤ ਸੈਨ ਜੀ ਦਾ ਜਨਮ 1390 ਈ: ਨੂੰ ਨਾਈ ਵੰਸ਼ ਵਿਚ ਹੋਇਆ। ਵਿਦਵਾਨ ਮੈਕਾਲਿਫ ਅਨੁਸਾਰ ਆਪ ਜੀ ਦੇ ਪਿਤਾ ਦਾ ਨਾਮ ਸਤਿਕਾਰਯੋਗ ਸ੍ਰੀ ਮੁਕੰਦ ਰਾਏ ਤੇ ਮਾਤਾ ਸ੍ਰੀਮਤੀ ਜੀਵਨ ਦੇਈ ਸੀ। 10 ਸਾਲ ਦੀ ਉਮਰ ਵਿਚ ਆਪ ਆਪਣੀ ਭੂਆ ਸੋਭਾ ਦੇਵੀ ਪਾਸ ਲਾਹੌਰ ਚਲੇ ਗਏ, ਜਿਥੇ ਰਹੀਮਖਾਨ ਨਾਮੀ ਉਸਤਾਦ ਪਾਸੋਂ ਨਾਈ ਅਤੇ ਹਕੀਮੀ ਦਾ ਕੰਮ ਸਿਖਿਆ। ਆਪ ਬਹੁਤ ਸਮਾਂ ਬਾਂਧਵਗੜ੍ਹ (ਰੀਵਾ) ਦੇ ਬਾਦਸ਼ਾਹ ਰਾਜਾ ਰਾਮ ਦੀ ਇਕ ਨਾਈ ਵਜੋਂ ਸੇਵਾ ਕੀਤੀ। ਸਤਿਗੁਰੂ ਅਰਜਨ ਦੇਵ ਜੀ ਅਨੁਸਾਰ-

**"ਸੈਨ ਨਾਈ ਬੁਤਕਾਰੀਆ, ਓਹੁ ਘਰਿ ਘਰਿ ਸੁਨਿਆ॥**
**ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥"**

**ਪ੍ਰਸ਼ਨ 79B- ਸਤਿਗੁਰੂ ਧੰਨਾ ਜੀ ਦੇ ਜੀਵਨ ਸਬੰਧੀ ਚਾਨਣਾ ਪਾਓ।**

ਉੱਤਰ- ਸਤਿਗੁਰੂ ਧੰਨਾ ਜੀ ਦਾ ਜਨਮ 1416 ਈ. ਨੂੰ ਰਾਜਸਥਾਨ ਦੇ ਟਾਂਕ ਇਲਾਕੇ ਦੇ ਨਗਰ ਧੁਆਨ ਵਿਖੇ ਜੱਟ ਪਰਿਵਾਰ ਵਿਚ ਹੋਇਆ। ਆਪ ਜੀ ਖੇਤੀਬਾੜੀ ਦਾ ਕਿੱਤਾ ਕਰਦੇ ਸਨ। ਆਪ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 03 ਸ਼ਬਦ ਦਰਜ ਹਨ।

**ਪ੍ਰਸ਼ਨ 80A- ਬਾਬਾ ਜੀਵਨ ਸਿੰਘ ਜੀ ਦੇ ਜੀਵਨ ਸਬੰਧੀ ਚਾਨਣਾ ਪਾਓ।**

ਉੱਤਰ- ਬਾਬਾ ਜੀਵਨ ਸਿੰਘ ਜੀ ਦਾ ਬਚਪਨ ਦਾ ਨਾਂਅ ਭਾਈ ਜੈਤਾ ਸੀ। ਆਪ ਜੀ ਦਾ ਜਨਮ 13 ਦਸੰਬਰ, 1661 ਈ. ਪਿਤਾ ਭਾਈ ਸਦਾ

ਨੰਦ ਅਤੇ ਮਾਤਾ ਪ੍ਰੇਮੋ ਜੀ ਦੇ ਗ੍ਰਹਿ ਵਿਖੇ ਪਿੰਡ ਗੱਗੋਮਾਹਲ (ਰਮਦਾਸ) ਵਿਚ ਹੋਇਆ। ਆਪ ਜੀ ਦੀ ਪਤਨੀ ਦਾ ਨਾਂਅ (ਮਾਤਾ) ਰਾਜ ਕੌਰ ਸੀ। ਆਪ ਜੀ ਦੇ ਗ੍ਰਹਿ ਵਿਖੇ ਚਾਰ ਪੁੱਤਰਾਂ ਨੇ ਜਨਮ ਲਿਆ। ਆਪ ਜੀ ਦੇ ਵਡੇਰੇ ਭਗਵਾਨ ਵਾਲਮੀਕਿ ਸਮਾਜ ਵਿਚੋਂ ਸਨ।

**ਪ੍ਰਸ਼ਨ 81B- ਬਾਬਾ ਸੰਗਤ ਸਿੰਘ ਜੀ ਦੇ ਜੀਵਨ ਸਬੰਧੀ ਚਾਨਣਾ ਪਾਓ।**

ਉੱਤਰ- ਬਾਬਾ ਸੰਗਤ ਸਿੰਘ ਜੀ ਦਾ ਜਨਮ ਪਟਨਾ (ਬਿਹਾਰ) ਵਿਖੇ 28 ਫਰਵਰੀ 1667 ਈ. ਨੂੰ ਪਿਤਾ ਭਾਈ ਰਣੀਆ ਜੀ ਅਤੇ ਮਾਤਾ ਬੀਬੀ ਅਮਰੋ ਜੀ ਦੇ ਗ੍ਰਹਿ ਵਿਖੇ ਹੋਇਆ। ਬਾਬਾ ਸੰਗਤ ਸਿੰਘ ਜੀ ਦੀ ਸ਼ਕਲ ਸੂਰਤ ਅਤੇ ਉਮਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦੀ ਸੀ। ਭਾਈ ਰਣੀਆ ਜੀ ਅਤੇ ਉਨ੍ਹਾਂ ਦੇ ਵਡੇਰੇ ਜੁਲਾਹਾ ਪਰਿਵਾਰ ਵਿੱਚੋਂ ਸਨ ਅਤੇ ਉਹ ਇਕ ਥੇਹ ਉੱਤੇ ਆਬਾਦ ਹੋਇਆ ਨਗਰ ਖੇੜੀ ਨੇੜੇ ਫਗਵਾੜਾ ਜ਼ਿਲ੍ਹਾ ਕਪੂਰਥਲਾ ਵਿਖੇ ਕੱਪੜਾ ਬੁਨਣ ਦਾ ਕਿੱਤਾ ਕਰਦੇ ਸਨ। ਆਪ ਸਿੱਖ ਗੁਰੂ ਸਾਹਿਬਾਨਾਂ ਦੇ ਅਨਿੰਨ ਸ਼ਰਧਾਲੂ ਸਨ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਟਨਾ, ਢਾਕਾ, ਅਸਾਮ ਆਦਿ ਦੀ ਯਾਤਰਾ ਸਮੇਂ ਭਾਈ ਰਣੀਆ ਜੀ ਅਤੇ ਬੀਬੀ ਅਮਰੋ ਜੀ ਉਨ੍ਹਾਂ ਦੇ ਨਾਲ ਚਲੇ ਗਏ ਸਨ।

**ਪ੍ਰਸ਼ਨ 82A- ਬਾਬਾ ਜੈ ਸਿੰਘ ਜੀ ਖਲਕੱਟ ਸ਼ਹੀਦ ਦੇ ਜੀਵਨ ਸਬੰਧੀ ਚਾਨਣਾ ਪਾਓ।**

ਉੱਤਰ- ਬੇਮਿਸਾਲ ਕੁਰਬਾਨੀ ਦੇ ਕੇ ਇਤਿਹਾਸ ਵਿਚ ਆਪਣਾ ਨਾਂਅ ਦਰਜ ਕਰਾਉਣ ਵਾਲੇ ਮਹਾਨ ਸ਼ਹੀਦ ਬਾਬਾ ਜੈ ਸਿੰਘ ਖਲਕੱਟ ਜੀ, (ਗੁਰੂ) ਰਵਿਦਾਸ ਸਮਾਜ ਵਿਚੋਂ ਸਨ। ਬਾਬਾ ਜੀ ਦਾ ਜਨਮ ਪਿੰਡ ਮੁਗਲ ਮਾਜਰੇ ਜਿਸ ਦਾ ਮੌਜੂਦਾ ਨਾਂਅ ਪਿੰਡ ਬਾਰਨ ਹੈ, ਵਿਖੇ ਹੋਇਆ। 1753 ਈ. ਵਿਚ ਜਦ ਸਰਹਿੰਦ ਦਾ ਨਵਾਬ ਅਬਦੁੱਸ ਸਮੁੰਦ ਖਾਂ ਫੌਜ ਸਮੇਤ ਸਰਹਿੰਦ ਤੋਂ ਪਟਿਆਲੇ ਵੱਲ ਜਾ ਰਿਹਾ ਸੀ ਤਾਂ ਪਿੰਡ ਮੁਗਲ ਮਾਜਰੇ (ਬਾਰਨ) ਵਿਖੇ ਬਾਬਾ ਜੈ ਸਿੰਘ ਨੂੰ ਆਪਣਾ ਤੰਬਾਕੂ ਵਾਲਾ ਹੁੱਕਾ ਅਤੇ ਹੋਰ ਸਾਮਾਨ ਚੁੱਕ ਕੇ ਅਗਲੇ ਪੜਾਅ ਤੱਕ ਲਿਜਾਣ ਲਈ ਕਿਹਾ। ਬਾਬਾ ਜੈ ਸਿੰਘ ਤੇ ਉਸ ਦੇ ਪਰਿਵਾਰ ਵੱਲੋਂ ਤੰਬਾਕੂ ਵਾਲਾ ਹੁੱਕਾ ਚੁੱਕਣ ਤੋਂ ਇਨਕਾਰ ਕਰਨ 'ਤੇ ਬਾਬਾ ਜੈ ਸਿੰਘ ਜੀ ਨੂੰ ਜੀਉਂਦੇ ਹੀ ਦਰੱਖਤ ਨਾਲ ਪੁੱਠਾ ਲਟਕਾ ਕੇ ਖੱਲ ਕੱਟ ਕੇ (ਸਰੀਰ ਤੋਂ ਚਮੜੀ ਉਤਾਰ ਕੇ) ਸ਼ਹੀਦ ਕਰ ਦਿੱਤਾ ਅਤੇ ਬਾਕੀ ਪਰਿਵਾਰ ਨੂੰ ਕੋਹ-ਕੋਹ ਕੇ ਮਾਰ ਦਿੱਤਾ। ਬਾਬਾ ਜੀ ਦੀ ਇਕ ਨੂੰਹ ਅੰਬਾਲੇ ਪਹੁੰਚ ਜਾਣ ਕਾਰਨ

ਬਚ ਗਈ। ਪਿੰਡ ਬਾਰਨ ਸਰਹਿੰਦ ਤੋਂ ਪਟਿਆਲਾ ਰੋਡ 'ਤੇ ਸਥਿਤ ਹੈ।

ਪ੍ਰਸ਼ਨ 83A- ਸੰਤ ਮੀਰਾ ਬਾਈ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਅਤੇ ਉਨ੍ਹਾਂ ਦੇ ਮਾਤਾ-ਪਿਤਾ ਦਾ ਨਾਂਅ ਦੱਸੋ।

ਉੱਤਰ- ਸੰਤ ਮੀਰਾ ਬਾਈ ਜੀ ਦਾ ਜਨਮ 1498 ਈ. ਨੂੰ ਰਾਜਸਥਾਨ ਦੇ ਮੈਤਾੜ ਰਿਆਸਤ ਵਿਚ ਰਾਓ ਰਤਨ ਸਿੰਘ ਅਤੇ ਮਾਤਾ ਵੀਰ ਕੁੰਵਰੀ ਦੇ ਘਰ ਹੋਇਆ।

ਪ੍ਰਸ਼ਨ 84B- ਸੰਤ ਮੀਰਾ ਬਾਈ ਦੀ ਸ਼ਾਦੀ ਕਦੋਂ ਅਤੇ ਕਿਸ ਨਾਲ ਹੋਈ?

ਉੱਤਰ- ਸੰਤ ਮੀਰਾ ਬਾਈ ਦੀ ਸ਼ਾਦੀ 1516 ਈ. ਨੂੰ ਮੈਵਾੜ ਰਿਆਸਤ ਦੇ ਮੁਖੀ ਰਾਣਾ ਸਾਂਗਾ ਦੇ ਪੁੱਤਰ ਭੋਜ ਰਾਜ ਨਾਲ ਹੋਈ। 1526 ਈ. ਵਿਚ ਰਾਜਾ ਭੋਜਰਾਜ ਦੀ ਲੜਾਈ ਵਿਚ ਮੌਤ ਹੋ ਗਈ।

ਪ੍ਰਸ਼ਨ 85A- ਸੰਤ ਮੀਰਾ ਬਾਈ ਨੇ ਗੁਰੂ ਰਵਿਦਾਸ ਜੀ ਨੂੰ ਗੁਰੂ ਕਿਉਂ ਧਾਰਿਆ?

ਉੱਤਰ- ਸੰਤ ਮੀਰਾ ਬਾਈ ਬਚਪਨ ਤੋਂ ਸ੍ਰੀ ਕ੍ਰਿਸ਼ਨ ਜੀ ਦੀ ਭਗਤ ਸੀ। ਪ੍ਰੰਤੂ ਉਸ ਦੇ ਮਨ ਦੀ ਭਟਕਣਾ ਦੂਰ ਨਾ ਹੋਈ। ਕੋਈ ਵੀ ਬ੍ਰਾਹਮਣ ਉਸ ਨੂੰ ਬ੍ਰਹਮ ਦਾ ਗਿਆਨ ਨਾ ਦੇ ਸਕਿਆ। ਸੰਤ ਮੀਰਾ ਬਾਈ ਨੇ ਲੋਕਾਂ ਕੋਲੋਂ ਗੁਰੂ ਰਵਿਦਾਸ ਦੀ ਮਹਿਮਾ ਸੁਣੀ। ਉਸ ਦੀ ਸੱਸ ਰਾਣੀ ਝਾਲੀ ਵੀ ਗੁਰੂ ਰਵਿਦਾਸ ਜੀ ਦੀ ਸੇਵਕ ਸੀ। ਮੀਰਾ ਬਾਈ ਨੇ ਆਪਣੀ ਸੱਸ ਰਾਣੀ ਝਾਲੀ ਨੂੰ ਗੁਰੂ ਰਵਿਦਾਸ ਜੀ ਕੋਲ ਜਾਣ ਲਈ ਕਿਹਾ ਤੇ ਫਿਰ ਕਾਂਸ਼ੀ ਵਿਖੇ ਗੁਰੂ ਰਵਿਦਾਸ ਜੀ ਨੂੰ ਗੁਰੂ ਧਾਰਨ ਕੀਤਾ।

ਪ੍ਰਸ਼ਨ 86B- ਸੰਤ ਮੀਰਾ ਬਾਈ ਨੇ ਗੁਰੂ ਰਵਿਦਾਸ ਜੀ ਨੂੰ ਗੁਰੂ ਧਾਰਨ ਤੋਂ ਬਾਅਦ ਕਿਨ੍ਹਾਂ ਸ਼ਬਦਾਂ ਨਾਲ ਉਨ੍ਹਾਂ ਦੀ ਉਪਮਾ ਕੀਤੀ?

ਉੱਤਰ-
- ਗੁਰੂ ਰੈਦਾਸ ਮਿਲੇ ਮੋਹਿ ਪੂਰੇ ਧੁਰ ਸੇ ਕਲਮ ਭਿੜੀ॥
- ਗੁਰੂ ਮਿਲਿਆ ਰੈਦਾਸ ਜੀ, ਦੀਨਹੀ ਗਿਆਨ ਕੀ ਗੁਟਕੀ॥
- ਮੀਰਾ ਨੇ ਗੋਬਿੰਦ ਮਿਲਿਯਾ ਜੀ, ਗੁਰੂ ਮਿਲਿਯਾ ਰੈਦਾਸ॥

ਪ੍ਰਸ਼ਨ 87B- ਸੰਤ ਮੀਰਾ ਬਾਈ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਯਾਦ ਵਿਚ ਕਿੱਥੇ ਅਤੇ ਕਿਹੜਾ ਮੰਦਿਰ ਉਸਾਰਿਆ?

ਉੱਤਰ- ਚਿਤੌੜਗੜ੍ਹ ਰਾਜਸਥਾਨ ਵਿਖੇ ਸੰਤ ਮੀਰਾ ਬਾਈ ਜੀ ਨੇ ਗੁਰੂ ਰਵਿਦਾਸ ਜੀ ਦੀ ਯਾਦ ਵਿਚ ਕੁੰਭਸ਼ਿਆਮ ਮੰਦਿਰ ਦੀ ਸਥਾਪਨਾ ਕਰਕੇ ਉਥੇ ਗੁਰੂ ਰਵਿਦਾਸ ਜੀ ਦੀ ਛਤਰੀ ਅਤੇ ਚਰਨ ਚਿੰਨ੍ਹ ਸਥਾਪਿਤ ਕੀਤੇ।

ਪ੍ਰਸ਼ਨ 88A- ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਕਦੋਂ ਅਤੇ

ਕਿੱਥੇ ਹੋਇਆ?

ਉੱਤਰ- 14 ਅਪ੍ਰੈਲ, 1891 ਈ. ਨੂੰ ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਇੰਦੌਰ ਦੇ ਪਿੰਡ ਮਹੂ ਵਿਖੇ ਪਿਤਾ ਰਾਮ ਜੀ, ਮਾਤਾ ਭੀਮਾ ਬਾਈ ਜੀ ਦੀ ਕੁੱਖੋਂ ਹੋਇਆ।

ਪ੍ਰਸ਼ਨ 89A- ਡਾ. ਅੰਬੇਡਕਰ ਜੀ ਨੇ ਅਖੌਤੀ ਵਰਣ ਵੰਡ ਅਨੁਸਾਰ ਕਿਸ ਜਾਤ ਵਿਚ ਜਨਮ ਲਿਆ?

ਉੱਤਰ- ਮਹਾਰ ਜਾਤੀ ਜਿਸ ਤੋਂ ਮਹਾਂਰਾਸ਼ਟਰ ਪ੍ਰਦੇਸ਼ ਦਾ ਨਾਂਅ ਪਿਆ।

ਪ੍ਰਸ਼ਨ 90B- ਡਾ. ਅੰਬੇਡਕਰ ਪੰਜਾਬ ਕਦੋਂ ਆਏ ਅਤੇ ਕਿਹੜੇ ਹਵਾਈ ਅੱਡੇ 'ਤੇ ਉਤਰੇ?

ਉੱਤਰ- 27 ਅਕਤੂਬਰ, 1951 ਈ. ਨੂੰ ਰਾਜਾਸਾਂਸੀ ਹਵਾਈ ਅੱਡੇ ਅੰਮ੍ਰਿਤਸਰ ਵਿਖੇ ਉਤਰੇ।

ਪ੍ਰਸ਼ਨ 91B- ਕੋਲੰਬੀਆ ਯੂਨੀਵਰਸਿਟੀ ਨੇ ਆਪਣੇ 250 ਸਾਲਾਂ ਦੇ ਇਤਿਹਾਸ ਵਿਚ ਸਭ ਤੋਂ ਮਹਾਨ ਵਿਦਵਾਨ ਕਿਸ ਨੂੰ ਘੋਸ਼ਿਤ ਕੀਤਾ?

ਉੱਤਰ- ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ।

ਪ੍ਰਸ਼ਨ 92B- ਇੰਗਲੈਂਡ ਵਿਚ ਬਾਬਾ ਸਾਹਿਬ ਦਾ ਬੁੱਤ ਕਿਸ ਸੰਸਥਾ ਵਿਚ ਸੁਸ਼ੋਭਿਤ ਹੈ?

ਉੱਤਰ- ਕੋਲੰਬੀਆ ਯੂਨੀਵਰਸਿਟੀ ਵਿਚ।

ਪ੍ਰਸ਼ਨ 93B- ਡਾ. ਅੰਬੇਡਕਰ ਜੀ ਨੂੰ 'ਸਿੰਬਲ ਆਫ਼ ਨਾਲਜ' ਕਿਸ ਨੇਤਾ ਨੇ ਸੰਬੋਧਨ ਕੀਤਾ?

ਉੱਤਰ- ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ।

ਪ੍ਰਸ਼ਨ 94B- "ਗਾਂਧੀ ਅਤੇ ਜਿਨਾਹ ਸੌਂ ਰਹੇ ਹਨ ਕਿਉਂਕਿ ਉਨ੍ਹਾਂ ਦਾ ਸਮਾਜ ਜਾਗਦਾ ਹੈ। ਮੈਂ ਜਾਗ ਰਿਹਾ ਹਾਂ ਕਿਉਂਕਿ ਮੇਰਾ ਸਮਾਜ ਸੌਂ ਰਿਹਾ ਹੈ।" ਬਾਬਾ ਸਾਹਿਬ ਨੇ ਇਹ ਵਿਚਾਰ ਕਿਨ੍ਹਾਂ ਨਾਲ ਇੰਟਰਵਿਊ ਵਿਚ ਸਾਂਝੇ ਕੀਤੇ?

ਉੱਤਰ- ਇੰਗਲੈਂਡ ਦੇ ਗਾਰਡੀਅਨ ਅਖ਼ਬਾਰ ਦੇ ਪ੍ਰਤੀਨਿਧ ਨਾਲ।

ਪ੍ਰਸ਼ਨ 95A- ਆਪਣੀ ਪੁਸਤਕ ਅਛੂਤ ਕੌਣ ਅਤੇ ਕਿਵੇਂ (The Untouchable) ਬਾਬਾ ਸਾਹਿਬ ਨੇ ਕਿਨ੍ਹਾਂ ਰਹਿਬਰਾਂ ਨੂੰ ਸਮਰਪਿਤ ਕੀਤੀ?

ਉੱਤਰ- ਸਤਿਗੁਰੂ ਰਵਿਦਾਸ, ਸੰਤ ਨੰਦਨਾਰ, ਸੰਤ ਚੋਖਾ ਮੇਲਾ ਜੀ ਨੂੰ।

ਪ੍ਰਸ਼ਨ 96B- ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਡਾ. ਅੰਬੇਡਕਰ ਨੇ ਕੇਂਦਰੀ ਵਿਧਾਨ ਮੰਡਲ ਵਿਚ ਹਿੰਦੂ ਕੋਡ ਬਿੱਲ ਕਦੋਂ ਪੇਸ਼ ਕੀਤਾ ਅਤੇ ਇਸ ਬਿੱਲ ਵਿਚ ਕੀ ਅਧਿਕਾਰ ਸਨ?

ਉੱਤਰ- ਡਾ. ਅੰਬੇਡਕਰ ਨੇ ਹਿੰਦੂ ਕੋਡ ਬਿਲ 5 ਫਰਵਰੀ, 1951 ਨੂੰ ਪੇਸ਼ ਕੀਤਾ। ਇਸ ਵਿਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਜਿਵੇਂ ਜਾਇਦਾਦ ਦੀ ਮਲਕੀਅਤ, ਵਾਰਸ ਚੁਨਣ ਅਤੇ ਬੱਚਾ ਗੋਦ ਲੈਣ ਦੀ ਆਜ਼ਾਦੀ, ਦੂਜਾ ਵਿਆਹ ਰਚਾਉਣ ਦੀ ਆਜ਼ਾਦੀ ਆਦਿ ਦੀ

ਵਿਵਸਥਾ ਸੀ। ਪ੍ਰੰਤੂ ਰੂੜੀਵਾਦੀ ਮੰਤਰੀਆਂ ਨੇ ਇਹ ਬਿੱਲ ਪਾਸ ਨਾ ਹੋਣ ਦਿੱਤਾ ਤੇ ਡਾ. ਅੰਬੇਡਕਰ ਨੇ ਕਾਨੂੰਨ ਮੰਤਰੀ ਦੇ ਪਦ ਤੋਂ ਅਸਤੀਫਾ ਦੇ ਦਿੱਤਾ। ਬਾਅਦ ਵਿਚ ਥੋੜ੍ਹਾ-ਥੋੜ੍ਹਾ ਕਰਕੇ ਇਹ ਬਿੱਲ ਪਾਸ ਕੀਤਾ ਗਿਆ।

**ਪ੍ਰਸ਼ਨ 97B- ਰਾਸ਼ਟਰ ਪਿਤਾ ਜੋਤੀਬਾ ਰਾਓ ਫੂਲੇ ਦੇ ਜੀਵਨ ਸਬੰਧੀ ਚਾਨਣਾ ਪਾਓ।**

ਉੱਤਰ- ਰਾਸ਼ਟਰ ਪਿਤਾ ਜੋਤੀਬਾ ਰਾਓ ਫੂਲੇ ਦਾ ਜਨਮ 11 ਅਪ੍ਰੈਲ 1827 ਈ. ਨੂੰ ਪਿੰਡ ਕਟਗੁਨ ਜ਼ਿਲ੍ਹਾ ਸਿਤਾਰਾ ਮਹਾਰਾਸ਼ਟਰ ਵਿਖੇ ਪਿਤਾ ਸ੍ਰੀ ਗੋਬਿੰਦ ਰਾਓ ਮਾਤਾ ਸ੍ਰੀਮਤੀ ਚਿਮਨਾ ਬਾਈ ਦੇ ਗ੍ਰਹਿ ਵਿਖੇ ਹੋਇਆ। ਇਨ੍ਹਾਂ ਦਾ ਪਰਿਵਾਰ ਸੈਣੀ ਸਮਾਜ ਨਾਲ ਸਬੰਧਿਤ ਸੀ ਅਤੇ ਇਹ ਫੱਲ਼ ਵੇਚਣ ਦਾ ਕੰਮ ਕਰਦੇ ਸਨ। ਇਸ ਕਰਕੇ ਇਨ੍ਹਾਂ ਦੇ ਨਾਂਅ ਨਾਲ ਫੂਲੇ ਸ਼ਬਦ ਜੁੜ ਗਿਆ। ਇਕ ਵਾਰ ਆਪਣੇ ਬ੍ਰਾਹਮਣ ਦੋਸਤ ਦੇ ਵਿਆਹ 'ਤੇ ਗਏ ਉਥੇ ਉੱਚ ਜਾਤੀ ਦੇ ਲੋਕਾਂ ਵੱਲੋਂ ਆਪ ਜੀ ਨੂੰ ਅਪਮਾਨਿਤ ਕੀਤਾ ਗਿਆ। ਸਮਾਜ ਵਿਚ ਅਖੌਤੀ ਨੀਵੀਆਂ ਜਾਤਾਂ ਅਤੇ ਔਰਤਾਂ ਨਾਲ ਹੁੰਦੇ ਭੇਦ-ਭਾਵ, ਛੂਆ-ਛਾਤ ਦੇ ਵਿਰੁੱਧ ਜੋਤੀਬਾ ਰਾਓ ਫੂਲੇ ਅਤੇ ਇਨ੍ਹਾਂ ਦੀ ਪਤਨੀ ਸਵਿਤਰੀ ਬਾਈ ਫੂਲੇ ਨੇ 1848 ਈ. ਵਿਚ ਦਲਿਤ ਕ੍ਰਾਂਤੀ ਅੰਦੋਲਨ ਚਲਾਇਆ। 1848 ਈ. ਵਿਚ ਔਰਤਾਂ ਵਾਸਤੇ ਦੇਸ਼ ਵਿਚ ਪਹਿਲਾ ਸਕੂਲ ਖੋਲ੍ਹਿਆ। ਦੱਬੇ-ਕੁਚਲੇ ਲੋਕਾਂ ਅਤੇ ਔਰਤ ਵਰਗ ਦਾ ਇਹ ਮਸੀਹਾ 28 ਨਵੰਬਰ 1890 ਈ. ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ।

**ਪ੍ਰਸ਼ਨ 98B- ਬਾਬੂ ਮੰਗੂ ਰਾਮ ਮੁਘੋਵਾਲੀਆ ਦੇ ਜੀਵਨ ਸਬੰਧੀ ਚਾਨਣਾ ਪਾਓ।**

ਉੱਤਰ- ਬਾਬੂ ਮੰਗੂਰਾਮ ਮੁਘੋਵਾਲ ਜੀ ਦਾ ਜਨਮ 14 ਜਨਵਰੀ 1886 ਈ. ਨੂੰ ਪਿੰਡ ਮੁਘੋਵਾਲ ਨੇੜੇ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪਿਤਾ ਸ੍ਰੀ ਹਰਨਾਮ ਦਾਸ ਮਾਤਾ ਸ੍ਰੀਮਤੀ ਅਤਰੀ ਜੀ ਦੇ ਘਰ ਹੋਇਆ। ਬਾਬੂ ਜੀ ਨੂੰ ਬਚਪਨ ਤੋਂ ਹੀ ਛੂਆ-ਛਾਤ ਅਤੇ ਊਚ-ਨੀਚ ਦਾ ਸਾਹਮਣਾ ਕਰਨਾ ਪਿਆ। ਆਪ ਨੇ ਦੇਖਿਆ ਕਿ ਆਦਿਵਾਸੀ ਜਾਤਾਂ ਨੂੰ ਦੂਸਰੇ ਧਰਮਾਂ ਵਿਚ ਜਾ ਕੇ ਬਰਾਬਰਤਾ ਦਾ ਦਰਜਾ ਨਹੀਂ ਮਿਲਦਾ ਇਸ ਕਰਕੇ ਆਪ ਜੀ ਨੇ ਆਦਿ ਧਰਮ ਦੀ ਲਹਿਰ ਚਲਾਈ ਅਤੇ ਕਿਹਾ ਕਿ ਦੇਸ਼ ਦੇ ਸਾਰੇ ਆਦਿਵਾਸੀ ਲੋਕਾਂ ਦਾ ਧਰਮ ਆਦਿ ਧਰਮ ਹੈ ਅਤੇ ਇਨ੍ਹਾਂ ਦੇ ਮੁੱਖ ਰਹਿਬਰ ਹਨ ਭਗਵਾਨ ਵਾਲਮੀਕਿ, ਸਤਿਗੁਰੂ ਨਾਮਦੇਵ, ਸਤਿਗੁਰੂ ਰਵਿਦਾਸ ਅਤੇ ਸਤਿਗੁਰੂ ਕਬੀਰ ਜੀ। ਆਪ ਨੇ 1925 ਈ. ਵਿਚ

ਆਦਿ ਮੰਡਲ ਦੀ ਸਥਾਪਨਾ ਕੀਤੀ ਅਤੇ 11, 12 ਜੂਨ 1926 ਈ. ਨੂੰ ਜਲੰਧਰ ਵਿਖੇ ਇਕ ਵੱਡਾ ਇਕੱਠ ਕਰਕੇ ਆਦਿ ਧਰਮ ਦਾ ਐਲਾਨ ਕੀਤਾ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਸਹਿਯੋਗ ਨਾਲ 1931 ਈ. ਦੀ ਮਰਦਮਸ਼ੁਮਾਰੀ ਵਿਚ ਅੰਗਰੇਜ਼ਾਂ ਕੋਲੋਂ ਆਦਿ ਧਰਮ ਪ੍ਰਵਾਨ ਕਰਵਾ ਕੇ ਇਸ ਦਾ ਵੱਖਰਾ ਕਾਲਮ ਬਣਵਾਇਆ ਅਤੇ ਪੰਜਾਬ ਦੇ 4-5 ਲੱਖ ਲੋਕਾਂ ਨੇ ਆਪਣਾ ਧਰਮ ਆਦਿ ਧਰਮ ਦਰਜ ਕਰਵਾਇਆ। 1946 ਈ. ਵਿਚ ਆਪ ਜੀ ਨੇ ਯੂਨਿਸਟ ਪਾਰਟੀ ਬਣਾ ਕੇ ਲਾਹੌਰ ਅਸੈਂਬਲੀ ਤੋਂ ਐਮ.ਐਲ.ਏ. ਦੀਆਂ ਚੋਣਾਂ ਲੜੀਆਂ ਅਤੇ 8 ਐਮ.ਐਲ.ਏ. ਨੇ ਜਿੱਤ ਪ੍ਰਾਪਤ ਕੀਤੀ। ਬਾਬੂ ਜੀ ਨੇ ਦੇਸ਼ ਦੀ ਅਜ਼ਾਦੀ ਲਈ ਗਦਰ ਪਾਰਟੀ ਵਿਚ ਅਹਿਮ ਭੂਮਿਕਾ ਨਿਭਾਈ ਅਤੇ 22 ਅਪ੍ਰੈਲ 1980 ਈ. ਨੂੰ ਇਸ ਸੰਸਾਰ ਤੋਂ ਰੁਖਸਤ ਹੋਏ।

**ਪ੍ਰਸ਼ਨ 99B- ਭਾਰਤੀ ਸੰਵਿਧਾਨ ਵਿਚ ਦਲਿਤ ਸਮਾਜ ਨਾਲ ਸਬੰਧਿਤ ਕੁਝ ਪ੍ਰਮੁੱਖ ਧਾਰਾਵਾਂ ਦਾ ਵਰਨਣ ਕਰੋ।**

**ਉੱਤਰ-** – ਮੁੱਖ ਆਰਟੀਕਲ 17 ਜਿਸ ਅਨੁਸਾਰ ਛੂਆ-ਛਾਤ ਕਰਨਾ ਇਕ ਜ਼ੁਰਮ ਕਰਾਰ ਦਿੱਤਾ ਗਿਆ ਹੈ।

– ਧਾਰਾ 15 ਅਨੁਸਾਰ ਧਰਮ, ਵੰਸ਼, ਜਾਤ, ਲਿੰਗ, ਜਨਮ-ਸਥਾਨ ਦੇ ਆਧਾਰ 'ਤੇ ਕਿਸੇ ਵੀ ਨਾਗਰਿਕ ਨਾਲ ਭੇਦਭਾਵ ਨਹੀਂ ਕੀਤਾ ਜਾ ਸਕਦਾ। ਉਹ ਬਿਨਾਂ ਕਿਸੇ ਰੁਕਾਵਟ ਸਰਬਜਨਕ ਥਾਵਾਂ 'ਤੇ ਆ-ਜਾ ਸਕਦਾ ਹੈ।

– ਧਾਰਾ 23 ਅਨੁਸਾਰ ਮਨੁੱਖਾਂ ਦੀ ਤਸਕਰੀ, ਖਰੀਦੋ-ਫਰੋਖਤ ਨਹੀਂ ਹੋ ਸਕਦੀ। ਭੀਖ ਮੰਗਵਾਉਣਾ, ਜਬਰੀ ਵਗਾਰ ਕਰਾਉਣੀ ਕਾਨੂੰਨਨ ਜ਼ੁਰਮ ਹੈ।

– ਧਾਰਾ 29 (2) ਅਨੁਸਾਰ ਕਿਸੇ ਵੀ ਨਾਗਰਿਕ ਨੂੰ ਧਰਮ, ਜਾਤ, ਵੰਸ਼, ਭਾਸ਼ਾ ਦੇ ਆਧਾਰ 'ਤੇ ਸਰਕਾਰੀ ਸਹਾਇਤਾ ਪ੍ਰਾਪਤ ਕਿਸੇ ਵੀ ਸੰਸਥਾ ਵਿਚ ਦਾਖਲੇ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ।

– ਧਾਰਾ 335 ਅਨੁਸਾਰ ਸਰਕਾਰੀ ਨੌਕਰੀਆਂ, ਸਰਕਾਰੀ ਸੇਵਾਵਾਂ ਵਿਚ ਕਮਜ਼ੋਰ ਵਰਗਾਂ ਲਈ ਰਾਖਵੇਂਕਰਨ ਦੀ ਵਿਵਸਥਾ ਹੈ।

– ਧਾਰਾ 164 ਅਨੁਸਾਰ ਕੁਝ ਵਿਸ਼ੇਸ਼ ਗੱਲਾਂ ਵਿਚ ਐਸ.ਸੀ., ਐਸ.ਟੀ. ਦੀ ਭਲਾਈ ਲਈ ਵਿਸ਼ੇਸ਼ ਮੰਤਰਾਲੇ ਜਾਂ ਮੰਤਰੀ ਇਨ੍ਹਾਂ ਲੋਕਾਂ ਦੇ ਹਿੱਤ ਦੇਖਦੇ ਹਨ।

– ਧਾਰਾ 338 ਅਨੁਸਾਰ ਦੇਸ਼ ਦਾ ਰਾਸ਼ਟਰਪਤੀ ਇਕ ਕਮਿਸ਼ਨ ਫਾਰ ਐਸ.ਸੀ., ਐਸ.ਟੀ. ਨਿਯੁਕਤ ਕਰਦਾ ਹੈ ਜੋ ਇਨ੍ਹਾਂ ਲੋਕਾਂ ਨਾਲ ਸਬੰਧਿਤ ਮਾਮਲਿਆਂ ਦੀ ਰਿਪੋਰਟ ਰਾਸ਼ਟਰਪਤੀ ਨੂੰ ਦਿੰਦਾ ਹੈ ਜਿਨ੍ਹਾਂ ਨੂੰ ਸਮੇਂ-ਸਮੇਂ ਸਦਨ ਵਿਚ ਪੇਸ਼ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਉੱਤੇ ਵਿਚਾਰ ਹੁੰਦਾ ਹੈ।

**ਪ੍ਰਸ਼ਨ 100B- ਐਸ.ਸੀ., ਐਸ.ਟੀ. ਐਕਟ ਸਬੰਧੀ ਸੰਖੇਪ ਜਾਣਕਾਰੀ ਦਿਓ।**

ਉੱਤਰ- **S.C.S.T. (Prevention of ATROCITIES) Act 1989, Section - 3**

ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਉੱਤੇ ਹੁੰਦੇ ਜ਼ੁਰਮਾਂ ਦੀ ਰੋਕਥਾਮ ਕਾਨੂੰਨ 1989 ਧਾਰਾ-3 ਤਹਿਤ ਅਪਰਾਧ ਅਤੇ ਸਜ਼ਾਵਾਂ ਹੇਠ ਲਿਖੇ ਅਨੁਸਾਰ ਹਨ-

3. **ਘੋਰ ਅੱਤਿਆਚਾਰਾਂ ਦੇ ਅਪਰਾਧਾਂ ਲਈ ਸਜ਼ਾ** – 1. ਜਿਹੜਾ ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਦਾ ਮੈਂਬਰ ਨਹੀਂ –

i) ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਦੇ ਮੈਂਬਰ ਨੂੰ ਨਾ-ਖਾਣਯੋਗ ਜਾਂ ਨਿੰਦਣਯੋਗ ਚੀਜ਼ ਖਾਣ ਲਈ ਮਜਬੂਰ ਕਰਨਾ।

ii) ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਦੇ ਮੈਂਬਰ ਨੂੰ, ਉਸ ਦੇ ਘਰ ਨੇੜੇ ਜਾਂ ਗੁਆਂਢ ਵਿਚ ਗੰਦਾ, ਗੰਦ-ਮੰਦ, ਮੁਰਦਾਰ ਜਾਂ ਕੋਈ ਹੋਰ ਘਿਰਣਾਯੋਗ ਚੀਜ਼ਾਂ ਦੁਆਰਾ ਚੋਟ ਪਹੁੰਚਾਉਣ, ਬੇਇੱਜ਼ਤ ਕਰਨ ਜਾਂ ਚਿੜਾਉਣ ਦੀ ਨੀਯਤ ਨਾਲ ਢੇਰ ਲਾਉਣਾ।

iii) ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਦੇ ਮੈਂਬਰ ਨੂੰ ਨੰਗਾ ਕਰਕੇ ਜਾਂ ਚਿਹਰੇ 'ਤੇ ਕਾਲਖ਼ ਮਲ ਕੇ ਜਾਂ ਕੋਈ ਹੋਰ ਅਜਿਹਾ ਕਾਰਾ, ਜਿਹੜਾ ਮਨੁੱਖ ਜਾਤੀ ਦੇ ਸ਼ਾਨ ਵਿਰੁੱਧ ਹੋਵੇ ਜਾਂ ਧੱਕੇ ਨਾਲ ਕੱਪੜੇ ਉਤਾਰ ਕੇ ਘੁਮਾਉਣਾ।

iv) ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਦੇ ਮੈਂਬਰ ਦੀ ਆਪਣੀ ਜ਼ਮੀਨ ਜਾਂ ਅਲਾਟ ਕੀਤੀ ਜਾਂ ਨਿਸ਼ਾਨਦੇਹੀ ਜਾਂ ਕਿਸੇ ਸਮਰਥ ਅਧਿਕਾਰੀ ਦੁਆਰਾ ਅਲਾਟ ਕੀਤੀ ਜ਼ਮੀਨ ਜਾਂ ਅਲਾਟ ਕੀਤੀ ਜ਼ਮੀਨ ਬਦਲੇ ਮਿਲੀ ਜ਼ਮੀਨ ਉੱਪਰ ਨਜਾਇਜ਼ ਤੌਰ 'ਤੇ ਕਬਜ਼ਾ ਜਾਂ ਵਾਹੀ ਕਰਦਾ ਹੈ।

v) ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਦੇ ਮੈਂਬਰ ਨੂੰ ਉਸ

ਦੀ ਜ਼ਮੀਨ ਜਾਂ ਘਰ ਜਾਂ ਉਸ ਦੀ ਜ਼ਮੀਨ, ਘਰ ਜਾਂ ਪਾਣੀ ਦੇ ਹੱਕਾਂ ਤੋਂ ਨਜਾਇਜ਼ ਤੌਰ 'ਤੇ ਵਾਂਝੇ ਕਰਦਾ ਹੈ।

vi) ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਦੇ ਮੈਂਬਰਾਂ ਨੂੰ ਮੰਗਣ ਲਈ ਜਾਂ ਅਜਿਹੇ ਹੋਰ ਕੰਮਾਂ ਲਈ ਮਜਬੂਰ ਕਰਦਾ ਹੈ ਜਾਂ ਕਿਸੇ ਹੋਰ ਜ਼ਰੂਰੀ ਕੰਮ ਤੋਂ ਜਿਹੜੇ ਸਰਕਾਰ ਨੇ ਜਨ-ਹਿਤ ਲਈ ਦਿੱਤੇ ਹੋਏ ਹਨ, ਹਟਾ ਕੇ ਬੰਦੂਆ ਮਜ਼ਦੂਰੀ ਲਈ ਮਜਬੂਰ ਕਰਨ ਲਈ ਉਕਸਾਉਂਦਾ ਹੈ।

vii) ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਦੇ ਮੈਂਬਰਾਂ ਨੂੰ ਕਿਸੇ ਖਾਸ ਉਮੀਦਵਾਰ ਨੂੰ ਵੋਟ ਪਾਉਣ ਜਾਂ ਕਾਨੂੰਨ ਦੇ ਤਰੀਕੇ ਵਿਰੁੱਧ ਵੋਟ ਪਾਉਣ ਲਈ ਧਮਕਾਉਂਦਾ ਜਾਂ ਮਜਬੂਰ ਕਰਦਾ ਹੈ।

viii) ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਦੇ ਮੈਂਬਰਾਂ ਵਿਰੁੱਧ ਝੂਠੇ, ਬਦਨੀਤੀ, ਤੰਗ ਕਰਨ ਲਈ, ਫ਼ੌਜਦਾਰੀ ਜਾਂ ਹੋਰ ਕਾਨੂੰਨੀ ਕਾਰਵਾਈ ਕਰਨਾ।

ix) ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਨੂੰ ਨੁਕਸਾਨ ਪਹੁੰਚਾਉਣ ਲਈ ਜਾਂ ਉਸ ਨੂੰ ਝੂਠੇ ਜਾਂ ਕਿਸੇ ਪਬਲਿਕ ਅਧਿਕਾਰੀ ਨੂੰ ਗ਼ਲਤ ਸੂਚਨਾ ਦੇਣਾ।

x) ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਨੂੰ ਲੋਕਾਂ ਦੇ ਸਾਹਮਣੇ ਪਬਲਿਕ ਸਥਾਨ 'ਤੇ ਜਾਣਬੁੱਝ ਕੇ ਨੀਚਾ ਦਿਖਾਉਣ ਲਈ ਬੇਇੱਜ਼ਤ ਕਰਨਾ ਜਾਂ ਧਮਕਾਉਣਾ।

xi) ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਦੀ ਔਰਤ ਨੂੰ ਬੇਇੱਜ਼ਤ ਕਰਨ ਜਾਂ ਕੁਆਰ-ਭੰਗ ਕਰਕੇ ਸ਼ਰਮਸ਼ਾਰ ਕਰਨ ਦੇ ਮੰਤਵ ਨਾਲ ਹਮਲਾ ਕਰਨਾ ਜਾਂ ਤਾਕਤ ਦੀ ਵਰਤੋਂ ਕਰਨਾ।

xv) ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਕਬੀਲੇ ਦੇ ਮੈਂਬਰ ਨੂੰ ਆਪਣੇ ਘਰ, ਪਿੰਡ ਜਾਂ ਰਹਿਣ ਦੀ ਹੋਰ ਥਾਂ ਨੂੰ ਛੱਡਣ ਲਈ ਮਜਬੂਰ ਕਰਨਾ।

ਉਪਰੋਕਤ ਜ਼ੁਰਮਾਂ ਵਿਚ ਕੈਦ ਦੀ ਸਜ਼ਾ ਘੱਟ ਤੋਂ ਘੱਟ 6 ਮਹੀਨੇ ਜਿਸ ਨੂੰ ਪੰਜ ਸਾਲ ਤੱਕ ਵਧਾਇਆ ਜਾ ਸਕਦਾ ਹੈ ਅਤੇ ਨਾਲ ਹੀ ਜ਼ੁਰਮਾਨਾ ਵੀ ਕੀਤਾ ਜਾਂਦਾ ਹੈ।


ਸੰਸਥਾ ਸ੍ਰੀ ਤੇਜਿੰਦਰ ਚੋਪੜਾ (ਚੋਪੜਾ ਇਲੈਕਟ੍ਰੀਕਲ) ਭੋਗਪੁਰ ਵਾਲਿਆਂ ਦਾ ਧੰਨਵਾਦੀ ਹੈ ਜਿਨ੍ਹਾਂ ਨੇ ਇਸ ਟ੍ਰੈਕਟ ਦਾ ਸਾਰਾ ਖਰਚਾ ਅਦਾ ਕੀਤਾ।


# CHOPRA ELECTRICALS

**TOTAL HOUSE WIRING**

**Spl. In :**

*Repair of Cooler, Madhani, Mixi, Drill Machine, Refrigerator, Motor Armature, Washing Machine, Fancy Light, Dish, T.V., & Repair/Sale of New Marble Cutter*




Adampur Road, Bhogpur, Jalandhar.

M.: 98159-63269, 70871-50013


## ਜ਼ਰੂਰੀ ਸੂਚਨਾ

ਵਿਦਿਆਰਥੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਕਿਤਾਬਚੇ ਵਿਚ ਅੰਕਿਤ ਰਹਿਬਰਾਂ ਦੇ ਜੀਵਨ ਸਬੰਧੀ ਸਕੂਲਾਂ, ਕਾਲਜਾਂ ਜਾਂ ਸਰਕਾਰੀ ਕੰਪੀਟੀਸ਼ਨ ਵਾਲੀਆਂ ਪ੍ਰੀਖਿਆਵਾਂ ਵਿੱਚ ਆਏ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਨਿਰਧਾਰਤ ਪਾਠ-ਪੁਸਤਕਾਂ ਅਨੁਸਾਰ ਹੀ ਦੇਣ।

# ਇਸ 100 ਸਵਾਲ ਪ੍ਰਸ਼ਨੋਤਰੀ ਕਿਤਾਬਚੇ ਦਾ ਮੰਤਵ

ਇਹ ਕਿਤਾਬਚਾ ਆਦਿਵੰਸ਼ੀ, ਮੂਲਵਾਸੀ ਸਮਾਜ ਦੇ ਬੱਚਿਆਂ, ਨੌਜਵਾਨਾਂ ਦੀਆਂ ਧਾਰਮਿਕ ਕਲਾਸਾਂ ਲਗਾ ਕੇ ਪ੍ਰੀਖਿਆ ਲੈਣ ਦੇ ਮੰਤਵ ਲਈ ਤਿਆਰ ਕੀਤਾ ਗਿਆ ਹੈ। ਇਸ ਵਿਚ ਇਨ੍ਹਾਂ ਬੱਚਿਆਂ, ਨੌਜਵਾਨਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਸਿਖਾਈ ਜਾਂਦੀ ਅਤੇ ਆਪਣੇ ਰਹਿਬਰਾਂ ਦੇ ਜੀਵਨ, ਇਤਿਹਾਸ ਅਤੇ ਉਪਦੇਸ਼ਾਂ ਤੋਂ ਜਾਣੂੰ ਕਰਾਇਆ ਜਾਂਦਾ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਆਪਣੇ ਰਹਿਬਰਾਂ ਦੀ ਵਿਚਾਰਧਾਰਾ 'ਤੇ ਚੱਲਣ, ਦੇਸ਼-ਕੌਮ ਪ੍ਰਤੀ ਪ੍ਰੇਮ ਰੱਖਣ, ਸਮਾਜਿਕ ਕਦਰਾਂ-ਕੀਮਤਾਂ ਨੂੰ ਅਪਨਾਉਣ, ਨਸ਼ਿਆਂ ਤੋਂ ਦੂਰ ਰਹਿਣ, ਵਹਿਮਾਂ-ਭਰਮਾਂ, ਅੰਧਵਿਸ਼ਵਾਸਾਂ ਨੂੰ ਤਿਆਗਣ, ਉਚੇਰੀ ਸਿੱਖਿਆ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ।

ਇਸ ਵਾਸਤੇ ਵਿਦਿਆਰਥੀਆਂ ਦੇ ਦੋ ਗਰੁੱਪ ਏ ਅਤੇ ਬੀ ਬਣਾਏ ਗਏ ਹਨ। ਇਹ ਕਿਤਾਬਚਾ ਅਤੇ ਸ੍ਰੀ ਗੁਰੂ ਰਵਿਦਾਸ ਬਾਣੀ ਦਾ ਗੁਟਕਾ ਸਾਹਿਬ ਵਿਦਿਆਰਥੀਆਂ ਨੂੰ ਮੁਫ਼ਤ ਦਿੱਤਾ ਜਾਂਦਾ ਹੈ ਅਤੇ ਇਕ ਮਹੀਨੇ ਬਾਦ ਵਿਦਿਆਰਥੀਆਂ ਦੀ ਅਬਜੈਕਟਿਵ ਟਾਈਪ ਪ੍ਰਸ਼ਨਾਂ ਦੁਆਰਾ ਪ੍ਰੀਖਿਆ ਲਈ ਜਾਂਦੀ ਹੈ। ਪਾਸ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਂਦੇ ਹਨ। ਪ੍ਰੀਖਿਆ ਲੈਣ ਦੇ ਨਾਲ-ਨਾਲ ਵਿਦਿਆਰਥੀਆਂ ਦੀ ਇਨਟਰਲ ਅਸੈਸਮੈਂਟ ਵੀ ਲਈ ਜਾ ਸਕਦੀ ਹੈ। ਪ੍ਰੀਖਿਆ ਲੈਣ, ਨਤੀਜਾ ਘੋਸ਼ਿਤ ਕਰਨ ਅਤੇ ਸਰਟੀਫਿਕੇਟ ਦੇਣ ਦਾ ਕੰਮ ਇਕ ਦਿਨ ਵਿਚ ਵੀ ਮੁਕੰਮਲ ਕੀਤਾ ਜਾ ਸਕਦਾ ਹੈ। ਮਿਸ਼ਨਰੀ ਸੱਜਣ ਆਪਣੇ ਪੱਧਰ 'ਤੇ ਵੀ ਇਹ ਪ੍ਰੀਖਿਆ ਲੈ ਸਕਦੇ ਹਨ। ਸੰਸਥਾ ਉਹਨਾਂ ਨੂੰ ਇਹ ਪ੍ਰਸ਼ਨੋਤਰੀ ਕਿਤਾਬਚਾ, ਬਾਣੀ ਦਾ ਗੁਟਕਾ ਸਾਹਿਬ ਅਤੇ ਪ੍ਰੀਖਿਆ ਦੇ ਸਾਰੇ ਕਾਰਜ ਪੱਤਰ ਮੁਫ਼ਤ ਉਪਲਬੱਧ ਕਰਾਏਗੀ। ਇਹ ਸਾਰਾ ਲਿਟਰੇਚਰ ਕੋਰੀਅਰ ਜਾਂ ਡਾਕ ਰਾਹੀਂ ਵੀ ਮੰਗਵਾਇਆ ਜਾ ਸਕਦਾ ਹੈ। ਇਸ ਵਾਸਤੇ ਸੰਸਥਾ ਦੇ ਦਿੱਤੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ ਜੀ।

Design : WP&S # 98153-78692